# JPI

# JOURNAL OF PUNJABI INSIGHTS



NK Publishing

A Globally Recognized Quality Referred(Peer Reviewed) &
Online Journal of Punjabi Language, Literature and Culture

# JOURNAL OF PUNJABI INSIGHTS

*A Globally Recognized Quality Refereed (Peer-reviewed) & Online Journal of Punjabi Language, Literature and Culture (Quarterly)*

**ISSN: 3107-4286**



## Chief Editors

***Dr. Kuldeep Singh -Editor-in-Chief***
Chairman & Associate Professor, Dept. Of Panjabi
Kurukshetra University, Kurukshetra, Haryana, India
E-mail: singh2016@kuk.ac.in

***Dr. Naresh Kumar***
*Librarian, RKSD,.College, Kaithal*
Email: *nareshkumar@rksdcollege.ac.in*
reach4naresh@gmail.com

## Editors

***Dr. Harjinder Singh***
Assistant Professor, Department of Punjabi & Dogri
Central University of Himachal Pradesh, Dharamshala.(HP)
E-mail: hjsgcm1980@hpcu.ac.in

***Dr. Ajay Kumar Arora***
*Librarian, Markanda National College, Shahabad*
Email: *ajayarora.pu@gmail.com*

**Dr. Karandeep Singh-Editor**
*Head & Assistant Professor,*
*Department of Punjabi, D.A.V. College,*
*Naneola (Ambala)*
*E-mail:* drkarandeep@davcnaneola.org
*ksarao12@gmail.com*

*ISSN: 3107-4286*

# Journal of Punjabi Insights (JPI)

***A Globally Recognized Quality Refereed (Peer-reviewed) & Online Journal of Punjabi Language, Literature and Culture (Quarterly)***

***Vol. I Issue I ((January-March, 2025)***

## Content Page


| ***Sr.No.*** | ***Author*** | ***Papers*** | ***Page No.*** |
|---|---|---|---|
| ***1.*** | ਮਨਪ੍ਰੀਤ ਕੌਰ | ਸਮਕਾਲੀ ਪ੍ਰੰਜਾਬੀ ਕਹਾਣੀ ਤੇ ਸਬਾਲਟਰਨ ਪ੍ਛਾਣਾਂ | *1-4* |
| ***2.*** | ਮਲਕੀਤ ਸਸੰਘ | ਸੇਵਾ ਦਾ ਬਦਲਦਾ ਸਰੂਪ (ਸਿੱਖ ਧਰਮ ਦੇ ਵਿਸ਼ੇਸ਼ ਪ੍ਰਸੰਗ ਵਿਚ) | *5-8* |
| ***3.*** | ਗੁਰਦਿੱਤ ਸਸੰਘ | ਗੁਰੂ ਨਾਨਕ ਕਾਸਵ ਦਾ ਸਬਾਲਟਰਨ ਅਸਧਐਨ | *9-14* |
| *4.* | ਹਰਸਵੰਦਰ ਕੌਰ | ਜਿੱਸੀ ਸਕਰਾੜਕੋਟ ਦੇ ਨਾਵਲ ਡੌਂਕੀ ਦੀ ਪ੍ੜਹਤ | *15-18* |
| *5.* | ਮਨਪ੍ਰੀਤ ਕੌਰ | ਦਰਸ਼ਨ ਬੁੱਟਰ ' ਅੱਕਾਂ ਦੀ ਕਵਿਤਾ ' ਵਿਚਲਾ ਹਾਸ਼ੀਆਗਤ ਚਿੰਤਨ | *19-24* |
| *6.* | ਡਾ. ਪਰਵੀਨ ਕੁਮਾਰ | ਅਜੋਕੀ ਨਾਰੀ ਕਵਿਤਾ ਵਿੱਚ ਪੇਸ਼ ਸੰਵਾਦ ਦਾ ਵਿਚਾਰਧਾਰਾਈ ਅਧਿਐਨ | *25-31* |

*Journal of Punjabi Insights (JPI)* *Vol. 1 Issue I (Jan-March 2025)*

*Website: www. punjabiinsights.in ISSN: 31074286 (online)* **Pages 9-14**

# ਗੁਰੂ ਨਾਨਕ ਕਾਵਿ ਦਾ ਸਬਾਲਟਰਨ ਅਧਿਐਨ

**ਗੁਰਦੱਤ ਸਿੰਘ**

ਖੋਜਾਰਥੀ

ਪੰਜਾਬੀ ਵਿਭਾਗ , ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

**Email-id:** gurdatt0007@gmail.com

**ਅਬਸਟ੍ਰੈਕਟ :** ਸਬਾਲਟਰਨ ਅਧਿਐਨ ਇੱਕ ਅਹਿਮ ਵਿਧਾ ਹੈ, ਜੋ ਹਾਸ਼ੀਏ 'ਤੇ ਧੱਕੀਆਂ ਹੋਈਆਂ ਧਿਰਾਂ ਦੀ ਆਵਾਜ਼ ਬਣਦੀ ਹੈ। ਗੁਰੂ ਨਾਨਕ ਸਾਹਿਬ ਨੇ ਸਮਾਜਿਕ, ਆਰਥਿਕ ਤੇ ਧਾਰਮਿਕ ਪੱਖੋਂ ਦੱਬੀਆਂ ਧਿਰਾਂ ਦੇ ਹੱਕ ਵਿੱਚ ਆਪਣੀ ਬਾਣੀ ਰਾਹੀਂ ਵਿਆਪਕ ਉਪ੍ਰਾਲਾ ਕੀਤਾ। ਉਨ੍ਹਾਂ ਨੇ ਰਵਾਇਤੀ ਪਾਖੰਡਵਾਦ, ਜਾਤ-ਪਾਤ ਦੀ ਵਿਵਸਥਾ ਅਤੇ ਉੱਚ-ਨੀਚ ਦੇ ਭੇਦਭਾਵ ਨੂੰ ਖੰਡਨ ਕਰਕੇ ਮਾਨਵਤਾ ਦੀ ਬਰਾਬਰੀ ਲਈ ਸੰਕੇਤ ਦਿੱਤਾ। ਗੁਰੂ ਨਾਨਕ ਦੀ ਬਾਣੀ ਵਿਅਕਤੀਗਤ ਮੁਕਤੀ ਦੇ ਨਾਲ-ਨਾਲ ਸਮਾਜਿਕ ਨਿਆਂ ਅਤੇ ਹੱਕਾਂ ਦੀ ਸੰਭਾਲ ਵੱਲ ਧਿਆਨ ਕੇਂਦਰਤ ਕਰਦੀ ਹੈ। ਉਹ ਸਮਾਜਿਕ ਵਿਧਮਾਨ ਅਤੇ ਸ਼ੋਸ਼ਣ ਤੋਂ ਪੀੜਤ ਲੋਕਾਂ ਦੀ ਹਮਾਇਤ ਕਰਦੇ ਹੋਏ, ਉਨ੍ਹਾਂ ਨੂੰ ਆਤਮ-ਗੌਰਵ ਅਤੇ ਸਵੈ-ਚੇਤਨਾ ਵੱਲ ਪ੍ਰੇਰਿਤ ਕਰਦੇ ਹਨ। ਇਸ ਲੇਖ ਵਿੱਚ, ਗੁਰੂ ਨਾਨਕ ਦੀ ਬਾਣੀ ਦੀ ਸਬਾਲਟਰਨ ਸੰਦਰਭ ਵਿੱਚ ਵਿਸ਼ਲੇਸ਼ਣਾਤਮਕ ਪੜਚੋਲ ਕੀਤੀ ਗਈ ਹੈ, ਜਿਸ ਰਾਹੀਂ ਸਮਕਾਲੀ ਪ੍ਰਸੰਗ ਵਿੱਚ ਗੁਰੂ ਨਾਨਕ ਦੀ ਕ੍ਰਾਂਤੀਕਾਰੀ ਸੋਚ ਦੀ ਪ੍ਰਭਾਵਸ਼ੀਲਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਕੁੰਜੀ ਸ਼ਬਦ :** ਸਬਾਲਟਰਨ, ਗੁਰੂ ਨਾਨਕ ਬਾਣੀ, ਹਾਸ਼ੀਏਗਤ ਲੋਕ, ਸਮਾਜਿਕ ਨਿਆਂ, ਜਾਤ-ਪਾਤ, ਨਾਰੀ ਸ਼ਕਤੀਕਰਨ, ਧਾਰਮਿਕ ਪਾਖੰਡ, ਦਲਿਤ ਅਧਿਐਨ, ਸਿੱਖੀ, ਸਮਾਜਿਕ ਬਰਾਬਰੀ।

## 1.0 ਪ੍ਰਸਤਾਵਨਾ

ਸਬਾਲਟਰਨ ਇਕ ਅਜਿਹਾ ਸਮਰੱਥ ਸਿੱਧਾਂਤ ਹੈ, ਜਿਸ ਅੰਦਰ ਤਮਾਮ ਦੱਬੀਆਂ ਧਿਰਾਂ ਆ ਜਾਂਦੀਆਪ ਹਨ, ਜਿਨ੍ਹਾਂ ਨੂੰ ਸਮਾਜਿਕ ਪੱਧਰ ਤੋਂ ਹਾਸ਼ੀਏ ਵਿੱਚ ਰੱਖਿਆ ਜਾਂਦਾ ਹੈ। ਸਬਾਲਟਰਨ ਦੇ ਵਰਤਾਰੇ ਅੰਦਰ ਹਰ ਇਕ ਦੱਬੀ ਧਿਰ ਦੀ ਗੱਲ੍ ਕੀਤੀ ਜਾਂਦੀ ਹੈ। ਸਮਾਜਿਕ ਵਰਤਾਰੇ ਦੀਆਂ ਆਰਥਿਕ, ਸਮਾਜਿਕ, ਰਾਜਨਿਤਿਕ ਤੇ ਧਾਰਮਿਕ ਸੰਪਨਤਾ ਵਾਲੇ ਲੋਕ ਸਾਧਨ ਵਿਹੁਨੇ ਲੋਕਾਂ ਪ੍ਰਤੀ ਦਬਾਉ ਮਾਨਸਿਕਤਾ/ਭਾਵਨਾ ਰੱਖਦੇ ਸਨ। ਸਿੱਖੀ ਦੇ ਸੰਦਰਭ ਵਿੱਚ ਸਬਾਲਟਰਨ ਅਧਿਐਨ ਕਰਨਾ ਲਾਜ਼ਮੀ ਬਣਦਾ ਹੈ। ਗੁਰੂ ਨਾਨਕ ਅਜਿਹੇ ਪਹਿਲੇ ਇਨਕਲਾਬੀ ਹੋਏ ਸਨ, ਜਿਨ੍ਹਾਂ ਦੱਬੀਆਂ ਧਿਰਾਂ ਦੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕੀਤੀ। ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਸਬਾਲਟਰਨ/ਸਿੱਧਾਂਤ ਸ਼ਬਦ ਨਵਾਂ ਹੈ, ਪਰ ਇਹ ਸਿੱਧਾਂਤ ਵੈਦਿਕ ਕਾਲ ਤੋਂ ਲੈ ਕੇ ਸਮਕਾਲ ਤੱਕ ਹਾਸ਼ੀਏ ਵਿੱਚ ਧੱਕੀਆਂ ਧਿਰਾਂ ਦੀ ਵਿਆਖਿਆ ਕਰਦਾ ਹੈ। ਸਬਾਲਟਰਨ ਨਾਰੀ, ਦਲਿਤ, ਨਿਮਨ ਕਿਸਾਨੀ ਅਤੇ ਥਰਡ ਜੈਂਡਰ ਆਦਿ ਧਿਰਾਂ ਕਲਾਵੇ ਵਿੱਚ ਲੈਂਦਾ ਹੈ, ਜਿਨ੍ਹਾਂ ਨੂੰ ਹੱਕ ਵਿਹੁਣੇ ਰੱਖਿਆ ਗਿਆ। ਇਹ ਗੱਲ ਜ਼ਾਹਿਰ ਤੌਰ 'ਤੇ ਸਪਸ਼ਟ ਹੈ ਕਿ ਮਧਕਾਲ ਵਿੱਚ ਸ਼ੂਦਰ/ਚੰਡਾਲ ਵਰਗ ਨੂੰ ਹਰ ਇਕ ਸ਼ੈਅ ਤੋਂ ਵਾਂਝੇ ਰੱਖਿਆ ਗਿਆ, ਜਿਸ ਨਾਲ ਉਸਦੀ ਪ੍ਰਗਤੀ ਹੁੰਦੀ ਹੈ। "ਸਬਾਲਟਰਨ ਤੇ ਹਾਸ਼ੀਆਗਤ ਲੋਕ ਵੱਖ-ਵੱਖ ਥਾਂਵਾਂ 'ਤੇ ਅਤੇ ਵੱਖ-ਵੱਖ ਇਤਿਹਾਸਕ ਪ੍ਰਸੰਗਾਂ 'ਚ ਵੱਖਰੇ ਹਨ। ਭਾਰਤ ਵਿਚ ਨਾਰੀ, ਦਲਿਤ, ਪੇਂਡੂ ਕਬਾਇਲੀ, ਪਰਵਾਸੀ ਮਜ਼ਦੂਰ ਸਬਾਲਟਰਨ ਦਾ ਹਿੱਸਾ ਹਨ। ਪੰਜਾਬ ਵਿਚ ਪੇਂਡੂ, ਦਲਿਤ ਤੇ ਅਨਪੜ੍ਹ ਨਾਰੀ ਅਧਿਕ ਦੱਬੇ ਹੋਏ ਹਨ'।"1 ਇਹ ਬਹੁਤ ਗੰਭੀਰ ਮੁੱਦਾ ਹੈ, ਹਾਵੀ ਧਿਰ ਨੇ ਮਾਨਸਿਕ ਪੱਖ ਤੋਂ ਸ਼ੋਸ਼ਣਹੀਣ ਧਿਰ ਨੂੰ ਹੀਣੀ ਬਣਾ ਕੇ ਰੱਖਿਆ, ਉਸਦੀ ਹਿੰਸਾਤਮਕ ਵਿਚਾਰਧਾਰਾ ਪ੍ਰਫੁੱਲਤ ਹੋਣ ਤੋਂ ਪਹਿਲਾਂ ਹੀ ਦਫ਼ਨਾ ਦਿੱਤੀ ਜਾਂਦੀ ਹੈ, ਇਹੀ ਦਫ਼ਨ ਕੀਤੀ ਵਿਚਾਰਧਾਰਾ ਨੂੰ ਉਜਾਗਰ ਕਰਨਾ ਸਬਾਲਟਰਨ ਸੰਕਲਪ ਦਾ ਮੁੱਖ ਮੋਟਿਵ ਹੈ। ਉਦੇਸ਼ਹੀਣ, ਦਿਸ਼ਾਹੀਣ ਸਬਾਲਟਰਨ ਧਿਰ ਨੂੰ ਭਵਿੱਖਮੁਖੀ ਸੋਚ, ਚਿੰਤਨਮਈ ਦ੍ਰਿਸ਼ਟੀ, ਡਾਵਾਂਡੋਲ ਸਮਾਜਿਕ ਸਥਿਤੀ ਅਤੇ ਆਰਥਿਕ ਪੱਖ ਤੋਂ ਸੰਪੰਨ ਹੋਣ ਲਈ ਵਚਨਬੱਧ ਹੈ। ਸਬਾਲਟਰਨ ਨੂੰ ਪੰਜਾਬੀਅਤ ਦੇ ਪ੍ਰਸੰਗ ਵਿੱਚ ਸਮੀਖਿਆ ਲਈ ਗੁਰੂ ਨਾਨਕ ਬਾਣੀ ਦੇ ਲੋਕ ਹਿੱਤ ਸੰਕਲਪਾਂ ਨੂੰ ਸਬਾਲਟਰਨ ਸਿੱਧਾਂਤ ਦੇ ਪ੍ਰਸੰਗ ਵਿੱਚ ਵਾਚਨ ਦਾ ਯਤਨ ਕਰਾਂਗੇ।

ਗੁਰੂ ਨਾਨਕ ਦੇਵ ਗੁਰਮਤਿ ਦੇ ਸਿਧਾਂਤ ਕਰਤਾ, ਧਰਮ ਦਰਸ਼ਨ ਦੇ ਮਹਾਨ ਗਿਆਤਾ ਅਤੇ ਯੁੱਗ ਪਰਿਵਰਤਕ ਸ਼ਖਸ਼ੀਅਤ ਦੇ ਮਾਲਕ ਸਨ। ਰੂਹਾਨੀਅਤ ਦੇ ਮੁਦਈ ਹੋਣ ਦੇ ਨਾਲ-ਨਾਲ ਗੁਰੂ ਸਾਹਿਬ ਸਮਾਜ ਸੁਧਾਰਕ, ਵੇਲੇ ਦੀ ਸਿਆਸਤ ਨੂੰ ਵੰਗਾਰਨ ਵਾਲੇ ਇਨਕਲਾਬੀ ਪ੍ਰਤਿਭਾ ਦੇ ਧਾਰਨੀ ਹੋਏ। ਵਿਸ਼ਵ ਵਿਆਪੀ ਮੁੱਦਿਆਂ ਦੀ ਧਾਰਨੀ ਉਨ੍ਹਾਂ ਦੀ ਬਾਣੀ ਵਿਸ਼ਵ ਪ੍ਰਚਾਰ ਅਤੇ ਵਿਸ਼ਵਥ ਸਰੋਕਾਰਾਂ ਨਾਲ ਜੁੜੀ ਹੋਈ ਹੈ। ਗੁਰੂ

ਸਾਹਿਬ ਉਦਾਰ ਮਾਨਵਵਾਦੀ ਵਿਚਾਰਾਂ ਦੇ ਪਰਿਵਰਤਕ ਹਨ, ਉਨ੍ਹਾਂ ਨੇ ਆਪਣੇ ਬਚਣਾ ਰਾਹੀਂ ਸਮਾਜ ਨੂੰ ਨਵੀਂ ਦਿਸ਼ਾ ਦੇਣ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਆਪਣੀ ਦਾਰਸ਼ਨਿਕ ਦ੍ਰਿਸ਼ਟੀ ਰਾਹੀਂ ਰੂੜ੍ਹੀਵਾਦੀ ਪਰੰਪਰਾ ਨੂੰ ਦਰੜਦਿਆਂ ਦਮਿਤ ਵਰਗਾਂ ਦੀਆਂ ਭਾਵਨਾਵਾਂ ਨੂੰ ਤਵੱਜੋਂ ਦਿੱਤੀ। ਉਹ ਧਰਮ ਗਿਆਨੀ ਸਨ, ਵੱਖ-ਵੱਖ ਧਰਮਾਂ ਵਿੱਚ ਫੈਲੀਆਂ ਘ੍ਰਿਣਤ ਅਤੇ ਸਮਾਜਿਕ ਪਰੰਪਰਾਵਾਂ ਨੂੰ ਵਾਚਦਿਆਂ ਦਮਿਤ ਵਰਗਾਂ ਦੇ ਹਿੱਤਾਂ ਦੀ ਗੱਲ ਕਰਦਿਆਂ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦੇਣ ਦਾ ਸਫ਼ਲ ਯਤਨ ਕਰਦੇ ਹਨ।

ਰੱਬੀ ਪ੍ਰੇਮ ਨੂੰ ਤਵੱਜੋਂ ਦਿੰਦੇ ਹੋਏ ਆਮ ਲੋਕਾਈ ਨੂੰ ਆਪਸੀ ਪ੍ਰੇਮ ਨਾਲ ਰਹਿਣ ਲਈ ਪ੍ਰੇਰਨਾ ਦਿੰਦੇ ਹਨ। ਰਵਾਇਤੀ ਚਲਦੀ ਆ ਰਹੀ ਨਾਬਰੀ ਦੇ ਵਿਰੋਧ ਵਿੱਚ ਹੀ ਦਾਰਸ਼ਨਿਕ ਫਲਸਫੇ 'ਚੋਂ ਇੰਨਕਲਾਬ ਉਪਜਿਆ ਜਿਸ ਸਦਕਾ ਸਦੀਆਂ ਤੋਂ ਦੱਬੀਆਂ ਧਿਰਾਂ, ਜੋ ਹਾਸ਼ੀਏ ਵਿੱਚ ਸੁੱਟੀਆਂ ਗਈਆਂ ਸਨ, ਦੇ ਹੱਕਾਂ ਦੀ ਗੱਲ ਕੀਤੀ। ਉਸ ਸਮੇਂ ਦੇ ਵਾਯੂਮੰਡਲ ਵਿੱਚ ਵਰਨ ਵਿਵਸਥਾ, ਜਾਤ-ਪਾਤ, ਊਚ-ਨੀਚ, ਭੋਗਣਹਾਰ ਵਸਤੂ ਸਮਝ ਕੇ ਨਾਰੀ ਦੇ ਨਿਰਾਦਰ ਕਰਨ ਨੂੰ ਆਪਣੀ ਸਿਰਜਣਸ਼ੀਲਤਾ ਸ਼ਕਤੀ ਦੁਆਰਾ ਰੂਹਾਨੀਅਤ ਅੰਦਾਜ਼ ਵਿੱਚ ਨਿਮਨ ਪੰਗਤੀ ਤੋਂ ਉੱਤਮ ਪੰਗਤੀ 'ਚ ਲਿਆਉਣ ਦੀ ਬਗਾਵਤ ਕਰਦੇ ਹਨ।

ਭਾਰਤੀ ਸਮਾਜ ਦਾ ਅਖੌਤੀ ਸਵਰਨ ਵਰਗ ਸਵੈ ਨੂੰ ਉੱਤਮ ਮੰਨ ਕੇ ਬਾਕੀਆਂ ਨੂੰ ਨੀਚਾ ਦਿਖਾਉਣਾ ਲੋਚਦਾ ਹੈ, ਤੋਂ ਸੁਚੇਤ ਹੋ ਕੇ ਗੁਰੂ ਨਾਨਕ ਸਾਹਿਬ ਇੱਕ ਸਫ਼ ਵਿੱਚ ਖੜੀ ਹੋਈ ਮਾਨਵਤਾ ਦੀ ਗੱਲ ਕਰਦੇ ਹਨ। ਉਸ ਸਮੇਂ ਵਿੱਚ ਪ੍ਰਚਲਿਤ ਧਰਮਾਂ ਦੀ ਕੱਟੜਤਾ, ਡੇਰਾਵਾਦੀ ਸੰਸਥਾਵਾਂ, ਮਨੁੱਖਤਾ ਦਾ ਘਾਣ ਕਰਦੀ ਸਿਆਸਤ ਉੱਤੇ ਕਟਾਕਸ਼ ਕਰਦੇ ਹਨ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਸਮਾਜ ਦੀ ਵਾਸਤਵਿਕਤਾ ਨੂੰ ਅਭਿਵਿਅਕਤ ਕਰਦੇ ਹੋਏ ਮਨੁੱਖੀ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

ਗੁਰੂ ਨਾਨਕ ਬਾਣੀ ਸਾਰੇ ਧਰਮਾਂ, ਮਹਾਂਪੁਰਖਾਂ ਦਾ ਸਤਿਕਾਰ ਅਤੇ ਸਭਿਆਚਾਰਕ ਸਾਂਝ ਨੂੰ ਦਰਸਾਉਂਦੀ ਹੈ। ਗੁਰੂ ਸਾਹਿਬ ਅਮਨ ਦਾ ਪੈਗਾਮ ਦਿੰਦੇ ਹੋਏ ਅਤੇ ਆਪਣੇ ਕ੍ਰਾਂਤੀਕਾਰੀ ਪ੍ਰਵਚਨਾ ਰਾਹੀਂ ਮਾਨਵ ਮੁਕਤੀ ਉੱਤੇ ਬਲ ਦਿੰਦੇ ਹਨ। ਗੁਰੂ ਨਾਨਕ ਬਾਣੀ ਦਾ ਚੌਗਿਰਦਾ ਬਹੁਤ ਵਿਸ਼ਾਲ ਹੈ ਇਸ ਨੂੰ ਇੱਕ ਕੈਨਵਸ 'ਤੇ ਨਹੀਂ ਉਸਾਰਿਆ ਜਾ ਸਕਦਾ, ਇਸ ਲਈ ਸਾਡੇ ਹਥਲੇ ਖੋਜ ਕਾਰਜ ਵਿੱਚ ਗੁਰੂ ਨਾਨਕ ਸਾਹਿਬ ਦੀ ਕ੍ਰਾਂਤੀਕਾਰੀ ਦ੍ਰਿਸ਼ਟੀ ਅਤੇ ਸਬਾਲਟਰਨ ਪ੍ਰਵਚਨ ਦੀ ਪ੍ਰਤੀਬੱਧਤਾ ਨੂੰ ਸਮਕਾਲੀ ਸੰਦਰਭ ਵਿੱਚ ਪੇਸ਼ ਕਰਨ ਦਾ ਯਤਨ ਕਰਾਂਗੇ।

ਗੁਰੂ ਸਾਹਿਬ ਆਪਣੇ ਸਮੇਂ ਵਿੱਚ ਸਮਾਜਿਕ, ਰਾਜਨੀਤਿਕ ਆਰਥਿਕ ਵੰਡੀਆਂ ਦੀ ਨਿਖੇਦੀ ਕਰਕੇ ਹਾਸ਼ੀਏ ਵਿੱਚ ਧੱਕੇ ਵਰਗਾਂ ਦੇ ਹਿੱਤਾਂ ਦੀ ਗੱਲ ਕਰਦੇ ਹਨ। ਤਤਕਾਲੀਨ ਸਮੇਂ ਵਿੱਚ ਫੈਲਿਆ ਧਾਰਮਿਕ ਪਾਖੰਡਵਾਦ, ਕੱਟੜਵਾਦੀ ਪੰਥ ਮਾਨਵਤਾ ਲਈ ਘੁਣ ਹਨ, ਦਾ ਸਖਤ ਵਿਰੋਧ ਕਰਦੇ ਹਨ। ਕਾਬਜ਼ ਧਿਰ ਨਿੱਜੀ ਲੋੜਾਂ ਲਈ ਹੇਠਲੀ ਧਿਰ ਦੀ ਲੁੱਟ ਕਸੁੱਟ, ਅਨਿਆਂ, ਅਯਾਸ਼ੀਆਂ, ਆਸ਼ੇ ਤਹਿਤ ਅਤੇ ਲਾਲਸਾਈ ਕਰੂਰਤਾਂ ਨਾਲ ਦਮਿਤ ਵਰਗ ਦਾ ਸ਼ੋਸ਼ਣ ਕਰਦੇ ਹਨ। ਨਾਨਕ ਬਾਣੀ ਧਰਮੀ ਪਖੰਡਵਾਦ ਨੂੰ ਬੇਨਕਾਬ ਕਰਦੀ ਹੈ। ਸਮਾਜਿਕ ਬੁਰਾਈਆਂ ਦਾ ਖੰਡਣ ਕਰਣ ਦਾ ਆਪਣੇ ਪ੍ਰਵਚਨਾਂ ਰਾਹੀਂ ਗੁਰੂ ਸਾਹਿਬ ਯਤਨ ਕਰਦੇ ਹਨ।

ਗੁਰੂ ਨਾਨਕ ਸਾਹਿਬ ਦੀ ਕ੍ਰਾਂਤੀਕਾਰੀ ਦ੍ਰਿਸ਼ਟੀ ਧਾਰਮਿਕ ਪਖੰਡਵਾਦ ਦੇ ਪਾਜ ਉਧੇੜਦੀ ਹੈ। ਉਹ ਕਾਜ਼ੀਆਂ ਮੁਲਾਣਿਆਂ ਨੂੰ 'ਮਾਨਸ ਖਾਣੇ' ਆਖਦੇ ਹਨ ਅਤੇ ਧਾਰਮਿਕ ਝਮੇਲੇ ਵਿੱਚ ਫਸਾ ਕੇ ਕੀਤੀ ਜਾਂਦੀ ਅਵਾਮ ਦੀ ਲੁੱਟ ਨੂੰ ਦਰਸਾਉਂਦੇ ਹਨ। ਗੁਰੂ ਸਾਹਿਬ ਇਸਲਾਮ ਦੀ ਕੱਟੜਤਾ ਦੇ ਨਾਲ-ਨਾਲ ਹਿੰਦੂ ਧਰਮ ਵਿੱਚ ਕਾਬਜ਼ ਬ੍ਰਾਹਮਣਵਾਦ ਦੇ ਖਿਲਾਫ ਆਵਾਜ਼ ਬੁਲੰਦ ਕਰਦੇ ਹਨ। ਕਾਜੀ, ਮੁਲਾਣਿਆ, ਪੰਡਤਾਂ ਦੀ ਸਾਫ਼ ਸੁਥਰੇ ਬਾਣੇ ਪਾਕੇ ਮਣ ਦੀਆਂ ਮੈਲਾਂ ਲੁਕਾ ਲੈਂਦੇ ਹਨ ਗੁਰੂ ਸਾਹਿਬ ਅਜਿਹੇ ਪਖੰਡਵਾਦ 'ਤੇ ਵਿਅੰਗ ਕਰਦੇ ਹੋਏ ਲਿਖਦੇ ਹਨ:

ਮਾਣਸ ਖਾਣੇ ਕਰਹਿ ਨਿਵਾਜ ॥

ਛੁਰੀ ਵਗਾਇਨਿ ਤਿਨ ਗਲਿ ਤਾਗ ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥

ਉਨ੍ਹਾਂ ਭਿ ਆਵਹਿ ਓਈ ਸਾਦ॥

(ਸ੍ਰੀ. ਗੁ. ਗ੍ਰੰ. ਸਾ. ਅੰਗ 417)

ਗੁਰੂ ਨਾਨਕ ਸਾਹਿਬ ਅਜਿਹੇ ਪਾਖੰਡੀ ਲੋਕਾਂ ਦੀ ਤਾੜਨਾ ਕਰਦੇ ਹਨ, ਜੋ ਪਿੰਡੇ 'ਤੇ ਮਲੀ ਭਬੂਤੀ ਨਾਲ ਐਬ ਲੂਕਾ ਕੇ ਭੋਲੀ-ਭਾਲੀ ਅਵਾਮ ਦਾ ਸ਼ੋਸ਼ਣ ਕਰਦੇ ਹਨ। ਸੱਚੇ ਧਰਮੀ ਅਖਵਾਉਣ ਲਈ ਜੋਗੀ ਨੇ ਬਾਲ ਵਧਾ ਕੇ, ਪਰਿਵਾਰਿਕ ਜੀਵਨ ਤੋਂ ਭਗੌੜੇ ਹੋ ਕੇ ਆਪਣੇ ਆਪ ਨੂੰ ਉੱਤਮ ਬਣਾਉਣਾ ਲੋਚਦੇ ਹਨ ਅਤੇ ਸਮਾਜਿਕ ਚੌਗਿਰਦੇ ਵਿੱਚ ਗ੍ਰਹਿਸਥੀ ਜੀਵਨ ਗੁਜ਼ਾਰਦੇ ਲੋਕਾਂ ਕੋਲੋਂ ਹੀ ਸਾਧ ਜੋਗੀ ਖ਼ੈਰ ਮੰਗਦੇ ਹਨ। ਇੱਥੇ ਸਬਾਲਟਰਨ ਧਿਰ ਕੋਲੋਂ ਖੈਰ ਦੇ ਨਾਂ ਤੇ ਕੀਤੀ ਲੁੱਟ ਦ੍ਰਿਸ਼ਟੀਮਾਨ ਹੁੰਦੀ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਕਿਰਤ ਕਰਨ ਤੋਂ ਭਗੌੜੇ ਹੋ ਕੇ

ਮੰਗਣ ਨੂੰ ਸਾਧਨ ਵਜੋਂ ਵਰਤਦੇ ਸਾਧ ਜੋਗੀਆਂ ਉੱਤੇ ਕਟਾਕਸ਼ ਕਰਦੀ ਹੈ:

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥

(ਸ੍ਰੀ. ਗੁ. ਗ੍ਰੰ. ਸਾ. ਅੰਗ 149)

ਗੁਰੂ ਨਾਨਕ ਸਾਹਿਬ ਦੀ ਕ੍ਰਾਂਤੀਕਾਰੀ ਦ੍ਰਿਸ਼ਟੀ ਧਾੜਵੀ ਹਮਲਾਵਰ ਬਾਬਰ ਦੇ ਕੱਟੜਵਾਦੀ ਵਿਵਹਾਰ ਦਾ ਖੰਡਨ ਕਰਦੀ ਹੈ ਬਾਬਰ ਦੇ ਹਮਲੇ ਦੌਰਾਨ ਭਾਰਤੀ ਸਮਾਜ ਦੀ ਹਾਲਤ ਬੜੀ ਤਰਸਯੋਗ ਸੀ। "ਉਹਨਾਂ ਨੇ ਆਪਣੀ ਨਿਧੜਕ ਤਬੀਅਤ ਅਤੇ ਦੇਸ਼ ਭਗਤੀ ਨਾਲ ਓਤ-ਪੋਤ ਹਿਰਦੇ ਦਾ ਸਬੂਤ ਦਿੱਤਾ ਹੈ ਅਤੇ ਉਹਨਾਂ ਨੇ ਬਾਬਰ ਦੇ ਹਮਲੇ ਦੀਆਂ ਦਰਦਨਾਕ ਘਟਨਾਵਾਂ ਦੀ ਤਸਵੀਰ ਖਿੱਚ ਕੇ ਭਗਤੀ ਸਾਹਿਤ ਨੂੰ ਇਤਿਹਾਸਕ ਯਥਾਰਥਕਤਾ ਪ੍ਰਦਾਨ ਕੀਤੀ। ਭਗਤੀ ਸਾਹਿਤ ਵਿੱਚ ਅਜਿਹੀ ਦਰਦਨਾਕ ਤਸਵੀਰ ਸਾਨੂੰ ਹੋਰ ਕਿਤੇ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ।"2 ਬੇਇੰਤਹਾ ਉਸਨੇ ਤਸ਼ੱਦਦ ਢਾਏ, ਉਪਜਾਊ ਭੌਂਇ ਨੂੰ ਘੋੜਿਆਂ ਤੋਂ ਦ੍ਰਿੜਵਾ ਦਿੱਤਾ, ਖੂਨ ਦੇ ਨਾਲ ਧਰਤੀ ਸਿੰਝੀ ਗਈ, ਚਾਰ ਚੁਫੇਰੇ ਲਾਸ਼ਾਂ ਹੀ ਲਾਸ਼ਾਂ ਸਨ। ਬਾਬਰ ਦਾ ਹਮਲਾ ਮਾਨਵਤਾ ਦਾ ਘਾਣ ਕਰਦਾ ਨਜਰੀ ਪੈਂਦਾ ਹੈ ਔਰਤ ਦੀ ਹਾਲਤ ਉਸ ਸਮੇਂ ਬਹੁਤ ਤਰਸਯੋਗ ਸੀ। ਉਨ੍ਹਾਂ ਦੇ ਬਾਲ ਕੱਟੇ ਗਏ, ਬੇਪਤੀ ਕੀਤੀ ਗਈ, ਇੱਜਤਾਂ ਦੇ ਸੌਦੇ ਕੀਤੇ ਸਨ, ਗੁਰੂ ਨਾਨਕ ਸਾਹਿਬ ਬਾਬਰ ਦੇ ਜ਼ੁਲਮਾਂ ਦੀ ਨਿੰਦਿਆ ਕਰਦੇ ਹਨ ਅਤੇ ਔਰਤ ਦੀ ਬੇਪਤੀ ਕਰਨ 'ਤੇ ਬਾਬਰ ਨੂੰ ਲਾਹਨਤਾਂ ਪਾਉਂਦੇ ਹਨ। ਸਮਕਾਲੀ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥

( ਸ੍ਰੀ. ਗੁ. ਗ੍ਰੰ. ਸਾ. ਅੰਗ 360)

ਗੁਰੂ ਨਾਨਕ ਸਾਹਿਬ ਨੇ ਹਾਸ਼ੀਏ ਵਿੱਚ ਸੁੱਟੀਆਂ ਧਿਰਾਂ ਦੀ ਹਿਮਾਇਤ ਹਿੱਤ ਪ੍ਰਵਚਨ ਕੀਤੇ ਹਨ। ਸਮੇਂ-ਸਮੇਂ ਵਿੱਚ ਪਛੜੇ ਵਿਸ਼ੇਸ਼ ਵਰਗ ਨੂੰ ਹਾਸ਼ੀਏ 'ਤੇ ਸੁੱਟਿਆ ਗਿਆ। ਮੱਧਕਾਲ ਵਿੱਚ ਜਾਤ-ਪਾਤ ਸਿਖਰਾਂ 'ਤੇ ਸੀ ਪਰ ਗੁਰੂ ਨਾਨਕ ਸਾਹਿਬ ਨੇ ਆਪਣੀ ਕ੍ਰਾਂਤੀਕਾਰੀ ਦ੍ਰਿਸ਼ਟੀ ਰਾਹੀ ਨਾਬਰੀ ਦੀ ਅੱਗ 'ਚ ਸੜਦੀਆਂ ਧਿਰਾਂ ਨੂੰ ਬਰਾਬਰੀ 'ਚ ਲਿਉਣ ਲਈ ਯਤਨ ਕੀਤੇ ਹਨ। "ਉਸ ਦੀ ਸੋਚਣ ਇਸ ਪ੍ਰਵਿਰਤੀ ਤੋਂ ਬਿਲਕੁਲ ਵਿਪ੍ਰੀਤ ਸੀ, ਉਹ ਮਾਨਵੀ ਸਮਾਜ ਵਿੱਚ ਹਰ ਪ੍ਰਕਾਰ ਦੀ ਵੰਡ ਦਾ ਸੰਚਾਲਕ ਹੈ। ਉਸ ਨੇ ਵਰਣ, ਆਸ਼ਰਮ, ਜਾਤ, ਪਾਤ, ਕੁਲ, ਕਰਮ ਦੀ ਵੰਡ, ਤਕਸੀਮ ਦਾ ਖਿਆਲ ਦਿੱਤਾ"3 ਦੱਬੀਆਂ ਧਿਰਾਂ ਦੇ ਹਿੱਤਾਂ ਦੀ ਹਿਮਾਇਤ ਕਰਕੇ ਗੁਰੂ ਸਾਹਿਬ ਆਦਰਸ਼ ਸਿੱਧ ਹੋਏ ਕਿਉਂਕਿ ਆਉਣ ਵਾਲੇ ਸਿੱਖ ਪੈਰੋਕਾਰਾਂ ਨੇ ਆਪਣੀ ਬਾਣੀ ਵਿੱਚ ਬਰਾਬਰੀ ਦੀ ਗੱਲ ਕਰਕੇ ਸਭ ਨੂੰ ਇੱਕ ਸਫ਼ ਵਿੱਚ ਖਲੋਣ ਦੀ ਪਿਰਤ ਪਾਈ ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੇ 'ਬਾਟੇ ਦਾ ਸਿਧਾਂਤ' ਦੇਖਿਆ ਜਾ ਸਕਦਾ ਹੈ।

ਗੁਰੂ ਨਾਨਕ ਬਾਣੀ ਵਿੱਚ ਸਬਾਲਟਰਨ ਦੇ ਚੌਗਿਰਦੇ ਵਿੱਚ ਆਉਂਦੇ ਵਰਗਾਂ ਦੀ ਗੱਲ ਕੀਤੀ ਹੈ। ਗੁਰੂ ਸਾਹਿਬ ਸਮੇਂ ਬ੍ਰਾਹਮਣਵਾਦ ਦਾ ਬੋਲਬਾਲਾ ਵਧੇਰੇ ਸੀ, ਅਖੌਤੀ ਸਵਰਨ ਵਰਗ ਨੇ ਸਮਾਜ ਨੂੰ ਚਾਰ ਵਰਗਾਂ ਵਿੱਚ ਵੰਡ ਕੇ ਉਨ੍ਹਾਂ 'ਤੇ ਰਾਜਨੀਤੀ ਕੀਤੀ। "ਵੈਸੇ ਬਾਹਮਣਵਾਦ ਕੋਈ ਵੱਖਰਾ ਧਰਮ, ਜਾਤ ਜਾਂ ਕਬੀਲਾ ਨਹੀਂ ਹੈ ਇਹ ਕੇਵਲ ਛੜਯੰਤਰ ਹੈ ਜਿਸ ਨੇ ਉਚ-ਨੀਚ ਦਾ ਅਜਿਹਾ ਬਿਰਤਾਂਤ ਸਿਰਜਿਆ ਕਿ ਆਪਣੇ-ਆਪ ਨੂੰ ਸਵਰਨ-ਜਾਤੀ, ਉੱਚ-ਧਰਮੀ ਸਮਝਣ ਵਾਲੇ ਆਰੀਆ ਲੋਕਾਂ ਨੇ ਭਾਰਤ ਦੇ ਮੂਲ ਵਾਸੀਆਂ ਨੂੰ ਅਸਭਿਅਕ/ਗਵਾਰ ਵਗੈਰਾ ਆਖ ਕੇ ਆਪਣੀ ਚੌਧਰ ਸਥਾਪਿਤ ਕੀਤੀ।"4 ਸਮਾਜਿਕ ਉੱਚ-ਨੀਚ ਨੇ ਲੋਕਾਂ ਨੂੰ ਪਿਛਲੀ ਕਤਾਰ ਵਿਚ ਰੱਖਿਆ। ਬ੍ਰਾਹਮਣਵਾਦ ਨੇ ਰਾਜ ਕਰਨ ਦੀ ਰਾਜਨੀਤੀ ਤਹਿਤ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਸ੍ਰੇਣੀਆ ਵਿੱਚ ਸਮਾਜਿਕ ਢਾਂਚੇ ਨੂੰ ਵੰਡ ਦਿੱਤਾ। ਬ੍ਰਾਹਮਣ ਅਤੇ ਖੱਤਰੀ ਨੂੰ ਉਪਰਲੀਆਂ ਸ਼੍ਰੇਣੀਆਂ ਵਿੱਚ ਰੱਖਿਆ ਗਿਆ, ਜਿਸ ਸਦਕਾ ਵੈਸ਼ ਤੇ ਸ਼ੂਦਰ ਤੋਂ ਇਨ੍ਹਾਂ ਨੂੰ ਸ੍ਰੇਸ਼ਟ ਮੰਨਿਆ ਗਿਆ। ਬਹਿਰਹਾਲ ਨਿਚਲੇ ਤਬਕੇ ਦੇ ਜ਼ਹਿਨ 'ਚ ਗ਼ੁਲਾਮੀ ਹੀ ਭਰੀ ਗਈ ਉਨ੍ਹਾਂ ਨੇ ਗ਼ੁਲਾਮੀ ਨੂੰ ਸਵੀਕਾਰ ਕਰ ਲਿਆ ਅਤੇ ਗ਼ੁਲਾਮੀ ਜਰਦਿਆਂ ਗਰੀਬੀ ਨਾਲ ਘੋਲ ਕਰਦਿਆਂ ਜਾਤ-ਪਾਤ ਜਿਹੇ ਕੋੜ੍ਹ ਨੂੰ ਸੀਨੇ 'ਤੇ ਹੰਡਾਇਆ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਕੋੜ੍ਹ ਛੱਡ ਦਿੱਤਾ, ਹੋਣੀ ਨੂੰ ਸਵੀਕਾਰ ਕਰਕੇ ਜ਼ਿੰਦਗੀ ਨਰਕ ਜਿਹੀ ਗੁਜ਼ਾਰਨ

ਲੱਗੇ, ਅਜਿਹੇ ਨਿਮਾਣੇ ਲੋਕਾਂ ਲਈ ਗੁਰੂ ਨਾਨਕ ਸਾਹਿਬ ਨੇ ਕ੍ਰਾਂਤੀਕਾਰੀ ਦ੍ਰਿਸ਼ਟੀ ਰਾਹੀਂ ਵਰਨ ਵਿਵਸਥਾ ਜਿਹੇ ਰੂੜ੍ਹੀਵਾਦੀ ਕੋੜ੍ਹ ਨੂੰ ਬੰਗਾਰਿਆ, ਗੁਰੂ ਸਾਹਿਬ ਫਰਮਾਉਂਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

(ਸ੍ਰੀ. ਗੁ. ਗ੍ਰੰ. ਸਾ. ਅੰਗ 15)

ਸਮਾਜਿਕ ਚੁਗਿਰਦੇ ਵਿੱਚ ਪਸਰੇ ਸਬਾਲਟਰਨ ਲੋਕਾਂ ਦੀ ਹਿਮਾਇਤ ਕਰਦਿਆਂ ਮਨੁੱਖੀ ਜੀਵਨ ਨੂੰ ਉੱਚਾ ਨੀਚਾ ਨਾ ਦਰਸਾਉਂਦਿਆਂ, ਮਨੁੱਖੀ ਸਰੀਰ ਨੂੰ ਪਰਮਾਤਮਾ ਦੀ ਜੋਤ ਦੱਸਦੇ ਹਨ। ਗੁਰੂ ਨਾਨਕ ਸਾਹਿਬ ਦੀ ਲੋਕ ਹਿੱਤ ਮਹਿਮਾ ਬਾਰੇ ਸੁਖਵਿੰਦਰ ਕੌਰ ਲਿਖਦੇ ਹਨ। "ਗੁਰੂ ਨਾਨਕ ਦੇਵ ਜੀ ਵੇਲੇ ਦੀ ਦੱਬੀ ਕੁੱਚਲੀ ਸ਼੍ਰੇਣੀ ਦੀ ਆਵਾਜ਼ ਬਣੇ ਅਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਕੀਤੀ। ਉਨ੍ਹਾਂ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਉਨ੍ਹਾਂ ਨੂੰ ਸਬਾਲਟਰਨ ਧਿਰ ਦੇ ਪੱਖੀ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਦੋ ਰਾਏ ਨਹੀਂ ਹੋਵੇਗੀ।"5

ਪਰਮਾਤਮਾ ਨੇ ਸਾਰੇ ਹੀ ਜੀਵਾਂ ਨੂੰ ਇੱਕੋ ਜੋਤ ਵਿੱਚੋਂ ਪੈਦਾ ਕੀਤਾ ਹੈ ਇਸ ਲਈ ਉਨ੍ਹਾਂ ਨੇ ਕਿਸੇ ਨੂੰ ਉੱਚਾ ਨੀਚਾ ਨਹੀਂ ਸਵੀਕਾਰਿਆ ਸਗੋਂ ਸਭਨਾਂ ਦੀ ਪ੍ਰਭੂ ਪ੍ਰੇਮ ਵਿੱਚ ਲੀਣਤਾ ਨੂੰ ਦਰਸਾਉਂਦੇ ਹਨ। ਗੁਰੂ ਨਾਨਕ ਬਾਣੀ ਸਮਾਜ ਹਿੱਤ ਦੀ ਗੱਲ ਕਰਦੀ ਹੈ ਅਤੇ ਬਹੁ ਧਰਮਵਾਦ ਦੇ ਪਾਖੰਡ ਨੂੰ ਨਕਾਰ ਕੇ ਸਰਬ ਸਾਂਝੀਵਾਲਤਾ ਦੀ ਪ੍ਰੇਰਨਾ ਦਿੰਦੀ ਹੈ। ਸਮਾਜਿਕ ਸਮਾਨਤਾ ਅਤੇ ਇੱਕੋ ਜੋਤ ਦੀ ਗੱਲ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ:

ਸਭਿ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਸ੍ਰੀ. ਗੁ. ਗ੍ਰੰ. ਸਾ. ਅੰਗ 13)

ਮੱਧਕਾਲ ਵਿੱਚ ਸਬਾਲਟਰਨ ਵਰਗ ਦੀ ਜ਼ਿੰਦਗੀ ਸੀਮਿਤ ਜਿਹੀ ਸੀ ਉਹ ਕਿਸੇ ਵੀ ਹਾਲਤ ਵਿੱਚ ਧੰਨ ਜਮਾ ਨਹੀਂ ਕਰ ਸਕਦੇ ਸਨ। ਚੰਡਾਲ ਵਰਗ ਵਿੱਚ ਪੈਦਾਇਸ਼ ਹੋਣ ਕਰਕੇ ਉਨ੍ਹਾਂ ਨੂੰ ਸਵਰਨਾ ਦੇ ਖੂਹਾਂ 'ਤੋਂ ਪਾਣੀ ਲੈਣ ਦੀ ਆਗਿਆ ਨਹੀਂ ਸੀ। "ਬ੍ਰਾਹਮਣਾਂ ਨੇ ਧਾਰਮਿਕ ਸ਼ਾਸਤਰਾਂ ਨੂੰ ਘੋਖਿਆ ਹੋਵੇਗਾ ਪਰ ਇਨ੍ਹਾਂ ਨੇ ਆਮ ਸਮਾਜਿਕ ਜੀਵਣ ਦਾ ਨੈਤਿਕ ਪੱਧਰ ਉਚਾ ਨਹੀਂ ਕੀਤਾ। ਉਹ ਆਪਣੇ ਸ਼ਰਧਾਲੂਆਂ ਦੀ ਰਾਖੀ ਨਹੀਂ ਕਰਦੇ ਸਨ ਸਗੋਂ ਉਨ੍ਹਾਂ ਦੀ ਖਲ ਲਾਹੁੰਦੇ ਸਨ । ਬ੍ਰਾਹਮਣਾਂ ਨੇ ਲੋਕਾਂ ਨੂੰ ਚੰਗੇ ਅਮਲ ਕਰਣ ਲਈ ਨਹੀਂ ਪਰੇਰਿਆ ਕੇਵਲ ਕਰਮ ਕਾਂਡ ਉਤੇ ਹੀ ਜ਼ੋਰ ਦਿਤਾ ਹੈ।"6 ਜਾਤ-ਪਾਤ ਦਾ ਫੈਸਲਾ ਕਰਨ ਵਾਲੇ ਬ੍ਰਾਹਮਣ ਵਰਗ ਨੂੰ ਅਧਿਆਤਮਿਕ ਗੁਰੂ ਮੰਨਿਆ ਜਾਂਦਾ ਸੀ, ਬ੍ਰਾਹਮਣ ਅਧਿਆਤਮਿਕਤਾ ਦੀ ਆੜ ਵਿੱਚ ਜੋਤਿਸ਼ ਪੁਣੇ ਕਾਰਨ ਅਵਾਮ ਨੂੰ ਗੁਮਰਾਹ ਕਰਕੇ ਰੱਖਦੇ ਸਨ। ਗੁਰੂ ਨਾਨਕ ਸਾਹਿਬ ਖੋਖੇ ਬ੍ਰਾਹਮਣਵਾਦ ਅਤੇ ਕਰਮਕਾਂਡਾਂ ਦਾ ਖੰਡਨ ਕਰਦੇ ਹਨ:

ਝੂਠੁ ਨ ਬੋਲਿ ਪਾਂਡੇ ਸਚੁ ਕਹੀਐ॥

ਹਉਮੈ ਜਾਇ ਸ਼ਬਦਿ ਘਰੁ ਲਹੀਐ॥

(ਸ੍ਰੀ. ਗੁ. ਗ੍ਰੰ. ਸਾ. ਅੰਗ 904)

ਬ੍ਰਹਾਮਣ ਅਤੇ ਪ੍ਰੋਹਿਤ ਵਰਗ ਦਾ ਹਾਬੀਪੁਣਾ ਅਤੇ ਨਿਰਦਈ ਵਰਤਾਓ ਸਬਾਲਟਰਨ ਲੋਕਾਂ ਪ੍ਰਤੀ ਕਰੂਰਤਾ ਦਾ ਰੂਪ ਧਾਰਨ ਕਰ ਗਿਆ। ਸਬਾਲਟਰਨਵਾਦ ਅਧੀਨ ਆਉਂਦੇ ਵਰਗ ਕਸਬਿਆਂ ਤੋਂ ਬਾਹਰ ਨਿਵਾਸ ਕਰਨ ਲਈ ਮਜ਼ਬੂਰ ਹੋ ਗਏ ਸਨ। ਗੁਰੂ ਸਾਹਿਬ ਮੂਲੋਂ ਸਵੀਕਾਰਦੇ ਆਉਂਦੇ ਸਬਾਰਟਰਨ ਲੋਕਾਂ ਨੂੰ ਸਮਾਜਿਕ ਭਾਗੀਦਾਰੀ ਵਿੱਚ ਸੁਚੇਤ ਕਰਦੇ ਹਨ ਅਤੇ ਜਾਤੀ ਪਥ ਬੰਧਨ ਦੀ ਕੜੀ ਨਿੰਦਿਆ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ:

ਜਾਤਿ ਜਨਮੁ ਨਹ ਪੁਛੀਐ ਸਚ ਘਰੁ ਲੇਹੁ ਬਤਾਇ॥

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

(ਸ੍ਰੀ. ਗੁ. ਗ੍ਰੰ. ਸਾ. ਅੰਗ 1330)

ਗੁਰੂ ਸਾਹਿਬ ਜਾਤ-ਪਾਤ ਉੱਤੇ ਜ਼ੋਰ ਨਹੀਂ ਦਿੰਦੇ ਸਗੋਂ ਅੰਦਰੂਨੀ ਜੋਤ ਉੱਤੇ ਜੋਰ ਦਿੰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਮਨੁੱਖ ਜਾਤ ਕਰਕੇ ਵੱਡਾ ਨਹੀਂ ਹੁੰਦਾ ਸਗੋਂ ਕਰਮਾਂ ਕਰਕੇ ਵੱਡਾ ਹੁੰਦਾ ਹੈ ਗੁਰੂ ਸਾਹਿਬ ਸੱਚ ਦੀ ਪਰਖ ਕਰਦੇ ਹੋਏ ਫਰਮਾਉਂਦੇ ਹਨ:

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥

ਮਹੁਰਾ ਹੋਵੈ ਹਥਿ ਮਰੀਐ ਚਖੀਐ॥

(ਸ੍ਰੀ. ਗੁ. ਗ੍ਰੰ. ਸਾ. ਅੰਗ 142)

ਫੱਕੜ ਜਾਤੀ ਫਕੜੁ ਨਾਉ॥

ਸਭਨਾ ਜੀਆ ਇਕਾ ਛਾਉ॥

(ਸ੍ਰੀ. ਗੁ. ਗ੍ਰੰ. ਸਾ. ਅੰਗ 83)

ਗੁਰੂ ਸਾਹਿਬ ਦੱਸਦੇ ਹਨ ਕਿ ਸੱਚ ਦੀ ਪਰਖ ਲਈ ਜਾਤ-ਪਾਤ ਮਾਇਨੇ ਨਹੀਂ ਰੱਖਦੀ, ਮਨੁੱਖ ਅੰਦਰ ਲੁਕੇ ਸੱਚ ਨੂੰ ਪਛਾਨਣ ਦਾ ਯਤਨ ਕਰਨਾ ਹੀ ਮਾਨਵਤਾ ਹੈ। ਜਾਤ-ਪਾਤ ਨੂੰ ਗੁਰੂ ਸਾਹਿਬ 'ਫੱਕੜ' ਕਹਿ ਕੇ ਕੋਸਦੇ ਹਨ। ਗੁਰੂ ਸਾਹਿਬ ਮਨੁੱਖ ਦੀ ਹੋਂਦ ਪਰਮਾਤਮਾ ਨਾਲ ਜੋੜਦੇ ਹਨ:

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ (ਸ੍ਰੀ. ਗੁ. ਗ੍ਰੰ. ਸਾ. ਅੰਗ 358)

ਗੁਰੂ ਸਾਹਿਬ ਦੱਸਦੇ ਹਨ ਕਿ ਮਨੁੱਖ ਸਿਰਫ ਪਰਮਾਤਮਾ ਦਾ ਪਰਨਾਇਆ ਹੈ ਕਿਸੇ ਵੀ ਮਨੁੱਖ ਨੂੰ ਮਾਨਵਤਾ ਦਾ ਘਾਣ ਕਰਕੇ ਕਿਸੇ ਦੀ ਜਾਤ-ਪਾਤ ਪਰਖਣ ਦਾ ਕੋਈ ਅਧਿਕਾਰ ਨਹੀਂ ਹੈ। ਉਹ ਬ੍ਰਾਹਮਣਾਂ ਦੁਆਰਾ ਪਾਈਆਂ ਵੰਡੀਆਂ ਦਾ ਸਪਸ਼ਟ ਸ਼ਬਦਾਂ ਵਿੱਚ ਵਿਰੋਧ ਕਰਦੇ ਹਨ। ਗੁਰੂ ਸਾਹਿਬ ਸਮੇਂ ਫੈਲੀ ਜਾਤ-ਪਾਤ ਦੀ ਅਰਾਜਕਤਾ ਉੱਤੇ ਕ੍ਰਾਂਤੀਕਾਰ ਵਿਚਾਰ ਹਾਵੀ ਹੁੰਦੇ ਹਨ। ਜਨਮ ਤੋਂ ਕੋਈ ਵੀ ਵਿਅਕਤੀ ਨੀਚ ਨਹੀਂ ਜੰਮਦਾ, ਸੰਗੋ ਇਹ ਸਮਾਜ ਦੁਆਰਾ ਘ੍ਰਿਣਤ ਵਰਤਾਰਾ ਹੈ। "ਗੁਰੂ ਨਾਨਕ ਦੇਵ ਜੀ ਨੇ ਜ਼ੋਰ 'ਜਾਤਿ' ਤੇ ਨਹੀਂ 'ਜੋਤਿ' ਤੇ ਦਿੱਤਾ। ਕੋਈ ਵੀ ਮਨੁੱਖ ਗੁਰੂ ਸਾਹਿਬ ਅਨੁਸਾਰ ਜਾਤ ਕਰਕੇ ਵੱਡਾ ਨਹੀ ਕਰਮਾਂ ਕਰਕੇ ਵੱਡਾ ਹੈ।"7 ਗੁਰੂ ਸਾਹਿਬ ਸਮਾਜਿਕ ਬਣਤਰ ਤੋਂ ਮੁਨੱਕਰ ਹਨ। ਮਨੁੱਖ ਦੇ ਕਿਰਤੀ ਹੋਣ ਉੱਤੇ ਬੱਲ ਦਿੰਦੇ ਹਨ, ਜੋ ਜਾਤ ਪਾਤ ਨੂੰ ਮਹੱਤਵ ਨਾ ਦਿੰਦੇ ਹੋਏ ਮਨੁੱਖ ਦੇ ਕਿਰਤੀ ਕਾਮੇ ਦੀ ਪ੍ਰਸੰਸਾ ਕਰਦੇ ਹਨ। ਗੁਰੂ ਨਾਨਕ ਸਮਾਜਿਕ, ਆਰਥਿਕ, ਰਾਜਨੀਤਿਕ ਵਰਤਾਰੇ ਦਾ ਚਿਤਰਨ ਹੀ ਨਹੀਂ ਕਰਦੇ ਸਗੋਂ ਸੁਚੱਜੀ ਜੀਵਨ ਜਾਂਚ ਅਤੇ ਉੱਚ ਨੈਤਿਕ ਕਦਰਾਂ ਕੀਮਤਾਂ ਨੂੰ ਨਵੇਂ ਮਾਡਲ ਵਜੋਂ ਉਜਾਗਰ ਕਰਦੇ ਨਜ਼ਰੀਂ ਪੈਂਦੇ ਹਨ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਿਲ ਮਹਿ ਘਟਿ ਘਟਿ ਨਾਨਕ ਮਾਝਾ॥

(ਸ੍ਰੀ. ਗੁ. ਗ੍ਰੰ. ਸਾ. ਅੰਗ 747)

ਗੁਰੂ ਨਾਨਕ ਆਪਣੇ ਸਮੇਂ ਹੁੰਦੇ ਅਨੈਤਿਕ, ਗੈਰ ਮਾਨਵੀ, ਜ਼ਹਾਲਤੀ ਰਾਜਨੀਤੀ ਪ੍ਰਬੰਧ ਵਿਰੁੱਧ ਵਿਦਰੋਹ ਦੀ ਭਾਵਨਾ ਵਿਅਕਤ ਕਰਕੇ ਸਬਾਲਟਰਨ ਧਿਰ ਲਈ ਇੱਕ ਪਰਮਾਤਮਾ ਦੇ ਸਿਧਾਂਤ ਨੂੰ ਪ੍ਰਫੁੱਲਤ ਕਰਦੇ ਹਨ। "ਗੁਰੂ ਨਾਨਕ ਕਾਲੀਨ ਭਾਰਤੀ ਧਾਰਮਿਕ ਵਾਤਾਵਰਣ ਵਿਚ ਰਿੱਚੂਅਲ ਇਸੇ ਸੰਕਟ ਦਾ ਸ਼ਿਕਾਰ ਸੀ । ਇਹ ਨਿਰੋਲ ਅਡੰਬਰ ਮਾਤਰ ਬਣ ਕੇ ਰਹਿ ਗਿਆ ਜਾਪਦਾ ਸੀ। ਹਿੰਦੂ ਅਤੇ ਮੁਸਲਮਾਨਾਂ ਦੇ ਅਨੇਕਾਂ ਧਾਰਮਕ ਸੰਪ੍ਰਦਾਇ ਆਪੋ ਆਪਣੇ ਧਾਰਮਕ ਕਰਮ-ਕਾਂਡ ਦਾ ਦੰਭ ਹੰਢਾ ਰਹੇ ਸਨ ਜਦੋਂ ਕਿ ਵਾਸਤਵਿਕ ਧਰਮ ਅਲੋਪ ਹੁੰਦਾ ਜਾ ਰਿਹਾ ਸੀ । ਗੁਰੂ ਨਾਨਕ ਨੇ ਇਸ ਖੋਖਲੀ ਰਿੱਚੂਅਲ ਸਥਿਤੀ ਉਪਰ ਕਰਾਰੀ ਸੱਟ ਮਾਰੀ ਹੈ।"8 ਗੁਰੂ ਨਾਨਕ ਸਾਹਿਬ ਧਾਰਮਿਕ ਆਸ਼ੇ ਦੇ ਨਾਲ-ਨਾਲ ਸਮਾਜਿਕ ਆਸ਼ੇ ਨੂੰ ਵੀ ਵਿਅਕਤ ਕਰਦੇ ਹਨ ਉਹ ਆਪਣੇ ਸਮੇਂ ਦੀ ਯਥਾਰਥਕ ਤਸਵੀਰ ਉਲੀਕਦੇ ਹੋਏ ਹਾਕਮ ਧਿਰ, ਜੋ ਮਾਨਵਤਾ ਦਾ ਗਲ ਘੁੱਟ ਰਹੀ ਸੀ, ਨੂੰ ਕੁੱਤੇ ਕਸਾਈ ਦੀ ਸੰਘਿਆ ਦਿੰਦੇ ਹਨ:

ਰਾਜੇ ਸੀਹ ਮੁਕਦਮ ਕੁਤੇ॥

ਜਾ ਜਗਾਇਨਿ ਬੈਠੇ ਸੁਤੇ॥

(ਸ੍ਰੀ. ਗੁ. ਗ੍ਰੰ. ਸਾ. ਅੰਗ 1288)

ਕਲਿ ਕਾਤੀ ਰਾਜੇ ਕਸਾਈ ਧਰਮ ਪੰਥ ਕਰਿ ਉਤਰਿਆ॥

(ਸ੍ਰੀ. ਗੁ. ਗ੍ਰੰ. ਸਾ. ਅੰਗ 145)

ਕੁੱਤੇ, ਸ਼ੇਰ ਅਤੇ ਕਸਾਈ ਧਿਰ ਨੇ ਸਬਾਲਟਰਨ ਧਿਰ, ਸਮੁੱਚੀ ਨਾਰੀ ਜਮਾਤ ਦਾ ਬਹੁਤ ਸ਼ੋਸ਼ਣ ਕੀਤਾ ਦੂਜਾ ਮੱਧਕਾਲੀ ਧਾਰਮਿਕ ਅਤੇ ਸਮਾਜਿਕ ਵਰਤਾਰੇ ਨੇ ਔਰਤ ਨੂੰ ਸਬਾਲਟਰਨ ਖੇਤਰ ਵਿੱਚ ਧੱਕ ਕੇ ਰੱਖਿਆ। ਗੁਰੂ ਸਾਹਿਬ ਨੇ ਆਪਣੀ ਦਲੀਲਬਾਜ਼ੀ ਨਾਲ ਔਰਤ ਨੂੰ ਉੱਚ ਦਰਜਾ ਦਵਾਇਆ। ਉਹ ਸੰਸਾਰ ਦੀ ਜਨਣੀ ਕਹਿ ਕੇ ਵਡਿਆਈ ਔਰਤ ਨੂੰ ਸਬਾਲਟਰਨ ਵੱਲ ਧੱਕਣ ਵਾਲੇ ਲੋਕਾਂ ਉੱਤੇ ਕਟਾਕਸ਼ ਕਰਦੇ ਹਨ। ਮਰਦ ਇਸਤਰੀ ਦੀ ਕੁੱਖੋਂ ਹੀ ਜਨਮਦੇ ਹਨ, ਔਰਤ ਤੋਂ ਬਿਨਾਂ ਸਮਾਜ ਦਾ ਵਿਕਾਸ ਰੁਕ ਜਾਂਦਾ ਹੈ ਅਤੇ ਮਰਦ ਇਸਤਰੀ ਦਾ ਰਿਸ਼ਤਾ ਬਹੁਤ ਗਹਿਰਾ ਹੈ ਇਸੇ ਲਈ ਇਸਤਰੀ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਤਿਆਗ ਕੇ ਸਤਿਕਾਰ ਵਿਅਕਤ ਕਰਦੇ ਹਨ, ਨਾਰੀ ਨੂੰ ਮੰਦਾ ਬੋਲਣ ਵਾਲਿਆਂ 'ਤੇ ਕਟਾਕਸ਼ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

(ਸ੍ਰੀ. ਗੁ. ਗ੍ਰੰ. ਸਾ. ਅੰਗ 473)

ਉਪਰੋਕਤ ਵਿਰੇਚਨ ਤੋਂ ਬਾਅਦ ਜ਼ਾਹਿਰ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਆਪਣੀ ਸਿਰਜਨਾਤਮਕ ਕ੍ਰਾਂਤੀਕਾਰੀ ਕਲਪਨਾ ਰਾਹੀਂ ਧਾਰਮਿਕ ਮੁੱਦਿਆਂ ਦੇ ਨਾਲ-ਨਾਲ ਸਮਾਜਿਕ ਮੁੱਦਿਆਂ ਨਾਲ ਨਜਿੱਠਣ ਦਾ ਯਤਨ ਕਰਦੇ ਹਨ। ਧਾਰਮਿਕ ਧਰਾਤਲ ਦੇ ਚੁਗਿਰਦੇ ਵਿੱਚ ਵਿਚਰਦੇ, ਉਨ੍ਹਾਂ ਨੇ ਪਾਖੰਡਵਾਦ ਨਾਲ ਟਾਕਰਾ ਲਿਆ। ਪਾਖੰਡਵਾਦ ਨੇ ਸਬਾਲਟਰਨ ਧਿਰ ਨੂੰ ਕਮਜ਼ੋਰ ਕੀਤਾ। ਗੁਰੂ ਸਾਹਿਬ ਨੇ ਆਪਣੇ ਅਨੁਭਵ ਅਤੇ ਸਮਾਜ ਹਿਤੇਸ਼ੀ ਦ੍ਰਿਸ਼ਟੀਕੋਣ ਨਾਲ ਸਬਾਲਟਰਨ ਧਿਰ ਦੇ ਹੱਕਾਂ ਦੀ ਹਾਮੀ ਭਰੀ। ਗੁਰੂ ਨਾਨਕ ਬਾਣੀ ਦੀ ਪ੍ਰਤੀਬੱਧਤਾ ਧਰਮ ਨੂੰ ਆਧਾਰ ਬਣਾ ਕੇ ਉਸ ਸਮੇਂ ਦਾ ਯਥਾਰਥਕ ਵਰਣਨ ਕਰਦੀ ਹੈ। ਬਾਣੀ ਦਾ ਪ੍ਰਯੋਜਨ ਸਮਕਾਲੀ ਸਮੇਂ ਦੀ ਵਾਸਤਵਿਕਤਾ ਨੂੰ ਬਿਆਨ ਕਰਨਾ ਹੈ ਕਿਉਂਕਿ ਸਮਾਜਿਕ ਨਾਬਰੀ ਨੂੰ ਦੇਖਦੇ ਹੋਇਆਂ ਜਗਤ ਦੀ ਵਿੰਡੰਬਨਾਗ੍ਰਸਤ ਸਥਿਤੀ ਨੂੰ ਸਬਾਲਟਰਨ ਧਿਰ ਦੇ ਹੱਕ ਵਿੱਚ ਲਿਆਂਦਾ ਅਤੇ ਲੋਕ ਪੱਖੀ ਦ੍ਰਿਸ਼ਟੀਕੋਣ ਨੂੰ ਅਭੀਵਿਅਕਤ ਕੀਤਾ ਹੈ।

**2.0 ਹਵਾਲੇ ਤੇ ਟਿੱਪਣੀਆਂ**

1. ਡਾ. ਕੁਲਦੀਪ ਸਿੰਘ, ਡਾ. ਹਰਪ੍ਰੀਤ ਸਿੰਘ (ਮਹਿਮਾਨ ਸੰਪਾ), ਕਾਵਿ-ਸ਼ਾਸਤਰ ਸਬਾਲਟਰਨ ਸੱਟੀਡੀਜ਼ (ਹਾਸ਼ੀਆਗਤ ਅਧਿਐਨ ਦਲਿਤ ਚਿੰਤਨ ਅਤੇ ਚੇਤਨਾ ਵਿਸ਼ੇਸ ਅੰਕ), ਕਲਿਆਣੀ, ਫਗਵਾੜਾ, ਅਕਤੂਬਰ 2021- ਮਾਰਚ 2022, ਪੰਨਾ ਨੰ 320
2. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970, ਪੰਨਾ ਨੰ 81, 82
3. ਪ੍ਰੋ. ਅਵਤਾਰ ਸਿੰਘ ਢੋਡੀ, ਗੁਰਮੁਖ ਕਲਿ ਵਿੱਚ ਪਰਗਟ ਹੋਆ, ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਕਮੇਟੀ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ, 1969, ਪੰਨਾ ਨੰ 45
4. ਡਾ. ਮਹਿਲ ਸਿੰਘ (ਮੁੱਖ ਸੰਪਾ), ਸੰਵਾਦ ਵਿਸ਼ੇਸ਼ ਅੰਕ ਬਿਰਤਾਂਤ ਦੀ ਜੰਗ, ਖਾਲਸਾ ਕਾਲਜ, ਅੰਮ੍ਰਿਤਸਰ, ਜੁਲਾਈ-ਦਸੰਬਰ 2024, ਪੰਨਾ ਨੰ132
5. ਡਾ. ਸਰਬਜਿੰਦਰ ਸਿੰਘ (ਸੰਪਾ), ਨਾਨਕ ਪ੍ਰਕਾਸ਼ ਪੱਤ੍ਰਿਕਾ, ਪਬਲਿਕਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 2015, ਪੰਨਾ ਨੰ 99
6. ਪ੍ਰੋ. ਪ੍ਰੀਤਮ ਸਿੰਘ, ਗੁਰੂ ਨਾਨਕ ਵਿਚਾਰ ਅਧਿਐਨ, ਗੁਰਦੁਆਰਾ ਪ੍ਰਿੰਟਿੰਗ ਪ੍ਰੈਸ (ਰਾਮਸਰ ਰੋਡ), ਅੰਮ੍ਰਿਤਸਰ, 1969, ਪੰਨਾ ਨੰ 228
7. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970, ਪੰਨਾ ਨੰ 79
8. ਜਗਬੀਰ ਸਿੰਘ, ਬਾਣੀ ਸੰਸਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992, ਪੰਨਾ ਨੰ 41

*Journal of Punjabi Insights (JPI)* *Vol. 1 Issue I (Jan-March 2025)*
*Website: www. punjabiinsights.in ISSN: 31074286 (online)* **Pages 15-18**

# ਜੱਸੀ ਕਿਰਾੜਕੋਟ ਦੇ ਨਾਵਲ ਡੌਂਕੀ ਦੀ ਪੜ੍ਹਤ

**ਹਰਵਿੰਦਰ ਕੌਰ**
ਖੋਜਾਰਥੀ
ਪੰਜਾਬੀ ਵਿਭਾਗ , ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ
**Email-id:** Harvinsandhu0@gmail.com

**ਅਬਸਟ੍ਰੈਕਟ :** ਜੱਸੀ ਕਿਰਾੜਕੋਟ ਪੰਜਾਬੀ ਸਾਹਿਤ ਵਿੱਚ ਇੱਕ ਨਵਾਂ ਉਭਰਦਾ ਨਾਵਲਕਾਰ ਹੈ, ਜਿਸ ਨੇ 'ਡੌਂਕੀ' ਨਾਵਲ ਰਾਹੀਂ ਗ਼ੈਰ ਕਾਨੂੰਨੀ ਪਰਵਾਸ ਦੀ ਸੰਘਰਸ਼ਮਈ ਜ਼ਿੰਦਗੀ, ਸਮਾਜਿਕ ਵਿਡੰਬਨਾਵਾਂ ਅਤੇ ਆਰਥਿਕ ਤੰਗੀ ਦੇ ਪ੍ਰਭਾਵਾਂ ਨੂੰ ਉਘਾੜਿਆ ਹੈ। ਨਾਵਲ ਵਿਦੇਸ਼ ਜਾਣ ਦੀ ਲਾਲਸਾ ਵਿੱਚ ਮਨੁੱਖੀ ਵਿਰੋਧਾਭਾਸ, ਪਰਿਵਾਰਿਕ ਤਨਾਵ, ਅਤੇ ਸ਼ੋਸ਼ਣ ਦੇ ਸੱਚਾਂ ਨੂੰ ਬੇਨਕਾਬ ਕਰਦਾ ਹੈ। 'ਡੌਂਕੀ' ਵਿੱਚ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲਿਆਂ ਦੀਆਂ ਸਮੱਸਿਆਵਾਂ, ਮਾਨਸਿਕ ਸੰਘਰਸ਼, ਅਤੇ ਆਰਥਿਕ ਮੁਸ਼ਕਲੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਨਾਵਲਕਾਰ ਨੇ ਵਿਦੇਸ਼ੀ ਜ਼ਿੰਦਗੀ ਦੇ ਵਿਅਥਾਪਨ, ਪਰਵਾਸੀਆਂ ਉੱਤੇ ਹੋਣ ਵਾਲੇ ਸ਼ੋਸ਼ਣ, ਅਤੇ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਪ੍ਰਮਾਣਿਕ ਢੰਗ ਨਾਲ ਪੇਸ਼ ਕੀਤਾ ਹੈ। ਇਹ ਨਾਵਲ ਆਧੁਨਿਕ ਸਮਾਜ ਦੀਆਂ ਹਕੀਕਤਾਂ ਨੂੰ ਉਘਾੜਣ ਦੇ ਨਾਲ-ਨਾਲ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰਦਾ ਹੈ।

**ਕੁੰਜੀ ਸ਼ਬਦ :** ਡੌਂਕੀ, ਗ਼ੈਰ ਕਾਨੂੰਨੀ ਪਰਵਾਸ, ਆਰਥਿਕ ਸੰਕਟ, ਵਿਦੇਸ਼ੀ ਜੀਵਨ, ਸਮਾਜਿਕ ਵਿਡੰਬਨਾ, ਨੈਤਿਕ ਗਿਰਾਵਟ, ਪਰਿਵਾਰਕ ਬਿਛੋੜ, ਧੋਖਾਧੜੀ, ਮਨੁੱਖੀ ਵਿਅਵਹਾਰ, ਪਰਵਾਸੀ ਸੰਕਟ

## 1.0 ਪ੍ਰਸਤਾਵਨਾ

ਜੱਸੀ ਕਿਰਾੜਕੋਟ ਹਰਿਆਣੇ ਦੇ ਪੰਜਾਬੀ ਸਾਹਿਤਕ ਖੇਤਰ ਵਿੱਚ ਨਵਾਂ ਪੁੰਗਰਦਾ ਸਾਹਿਤਕਾਰ ਹੈ ਉਸ ਦਾ ਜਨਮ ਹਰਿਆਣੇ ਦੇ ਸਰਸੇ ਜ਼ਿਲ੍ਹੇ ਦੇ ਪਿੰਡ ਕਿਰਾੜਕੋਟ ਵਿੱਚ ਹੋਇਆ। ਸਾਹਿਤ ਖੇਤਰ ਵਿੱਚ ਜੱਸੀ ਕਿਰਾੜਕੋਟ ਨੇ 'ਪੰਜਾਂ ਦੇ ਪਤਾਸੇ' (ਕਾਵਿ ਸੰਗ੍ਰਹਿ), 'ਡੌਂਕੀ' (ਨਾਵਲ) ਲਿਖੇ ਹਨ ਅਤੇ ਉਹ ਲਗਾਤਾਰ ਲਿਖਣੀ ਕਾਰਜ ਵਿੱਚ ਵਿਅਸਤ ਹੈ। ਸਾਡਾ ਹਥਲਾ ਖੋਜ ਪੱਤਰ ਡੌਂਕੀ ਨਾਵਲ 'ਤੇ ਕੇਂਦਰਿਤ ਹੈ। ਡੌਂਕੀ ਦੇ ਕਨਸੈਅਪਟ ਨੂੰ ਘੜ੍ਹਨਾ ਉਸ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ ਡੌਂਕੀ ਦੇ ਗੁੱਝੇ ਭੇਤਾਂ ਨੂੰ ਫਰੋਲਦਾ ਹੋਇਆ ਸਮਾਜਿਕ ਸੱਚ ਨੂੰ ਉਗਾੜਦਾ ਹੈ। ਵਿਸ਼ੇ ਪੱਖੋਂ ਵਾਚਦਿਆਂ ਇਹ ਨਾਵਲ ਇੱਕ ਵੱਖਰੀ ਦੁਨੀਆ ਤੋਂ ਜਾਣੂ ਕਰਵਾਉਂਦਾ ਹੈ

ਨਾਵਲਕਾਰ ਗ਼ੈਰ ਕਾਨੂੰਨੀ ਢੰਗ ਨਾਲ ਕੀਤੇ ਗਏ ਪਰਵਾਸ ਨੂੰ ਵਿਅਕਤ ਕਰਦਿਆਂ ਵਿਦੇਸ਼ ਵਿੱਚ ਆਉਂਦੀਆਂ ਸਮੱਸਿਆਵਾਂ ਨੂੰ ਬਿਆਨਦਾ ਹੈ। ਨਾਵਲ ਵਿੱਚ ਆਰਥਿਕ ਮਾਨਸਿਕ ਤ੍ਰਿਪਤੀ ਦਾ ਸ਼ਿਕਾਰ ਹੁੰਦੇ ਮਨੁੱਖੀ ਵਿਵਹਾਰ ਨੂੰ ਸੁਖਾਲੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜਿਹੜੇ ਲੋਕ ਗ਼ੈਰ ਕਾਨੂੰਨੀ ਢੰਗ ਨੂੰ ਸਨਮੁਖ ਰੱਖ ਕੇ ਪਰਵਾਸ ਕਰਨਾ ਲੋਚਦੇ ਹਨ, ਨਾਵਲਕਾਰ ਉਨ੍ਹਾਂ ਨੂੰ ਪਛਾਣ ਕਰਵਾਉਂਦਾ ਹੈ ਤਾਂ ਕਿ ਕਿਸ ਤਰ੍ਹਾਂ ਗ਼ੈਰ ਕਾਨੂੰਨੀ ਪਰਵਾਸ ਤੋਂ ਗੁਰੇਜ ਕੀਤਾ ਜਾ ਸਕੇ। ਨਾਵਲਕਾਰ ਸੁਖਾਲੇ ਰਸਤੇ ਪਿੱਛੇ ਆਉਂਦੀ ਅੜਚਨ ਅਤੇ ਪਰਿਵਾਰਿਕ ਵਿਡੰਬਨਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਨਿਆਣ ਮਤ ਵਿੱਚ ਡੌਂਕੀ ਲਾ ਕੇ ਪਲਾਇਨ ਕਰਨ ਦੀ ਹਾਮੀ ਓਟਦੀ ਯੁਵਾ ਪੀੜੀ ਨੂੰ ਬਾਹਰਲੇ ਮੁਲਕਾਂ ਦੁਆਰਾ ਕੀਤੇ ਜਾਂਦੇ ਗ਼ੈਰ ਮਾਨਵੀ/ਗ਼ੈਰਤਾ ਭਰੇ ਰਵਈਏ ਤੋਂ ਅਗਵਤ ਕਰਾਉਣਾ ਲੋਚਦਾ ਹੈ।

ਡੌਂਕੀ ਨਾਵਲ ਵਿੱਚ ਆਰਥਿਕ ਪੱਖ ਤੋਂ ਪਛੜੇ ਇੱਕ ਪਰਿਵਾਰ ਦੀ ਦਾਸਤਾਂ ਬਿਆਨ ਕਰਦਿਆਂ ਸਮੁੱਚੇ ਸਮਾਜ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਗ਼ੈਰ ਕਾਨੂੰਨੀ ਢੰਗ ਨਾਲ ਆਰਥਿਕਤਾ ਪਿੱਛੇ ਦੌੜਦਿਆਂ ਮਨੁੱਖ ਨੂੰ ਆਰਥਿਕ ਪੱਖੋਂ ਸੰਪੰਨ ਹੋਣ ਦੀ ਲੋਚਾ ਉਸਨੂੰ ਆਤਮਹੱਤਿਆ ਵੱਲ ਧੱਕ ਕੇ ਲੈ ਜਾਂਦੀ ਹੈ। ਸਮੁੱਚਾ ਨਾਵਲੀ ਬਿਰਤਾਂਤ ਇਸੇ ਵਿੰਡਵਨਾ ਗ੍ਰਸਤ ਸਥਿਤੀ 'ਤੇ ਕੇਂਦਰਿਤ ਹੈ।

ਇਹ ਗੱਲ ਅੱਗੋਂ ਪਰੋਖੇ ਨਹੀਂ ਕੀਤੀ ਜਾ ਸਕਦੀ ਕਿ ਮਾਪਿਆਂ ਵੱਲੋਂ ਵਿਦੇਸ਼ ਭੇਜੀਆਂ ਜਾਂਦੀਆਂ ਕੁੜੀਆਂ ਦਾ ਕਿਵੇਂ ਸ਼ਰੀਰਕ ਅਤੇ ਮਾਨਸਿਕ ਸ਼ੋਸ਼ਣ ਹੁੰਦਾ ਹੈ ਇਹ ਗੱਲ ਵੀ ਜਾਇਜ਼ ਹੈ ਕਿ ਭਾਰਤੀਆਂ/ਪੰਜਾਬੀਆਂ ਵੱਲੋਂ ਹੀ ਵਿਦੇਸ਼ ਆਈਆਂ ਨਵੀਆਂ ਕੁੜੀਆਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਰਹਿਣ

ਬਸੇਰੇ ਦੀ ਅਡਜਸਟਮੈਂਟ ਵਿੱਚ ਕੁੜੀਆਂ ਨੂੰ ਭਰਮਾ ਲਿਆ ਜਾਂਦਾ ਹੈ ਕੰਮ ਦਵਾਉਣ ਦਾ ਲਾਲਚ ਦੇ ਕੇ ਪਹਿਲਾਂ ਉਨ੍ਹਾਂ ਦਾ ਸ਼ਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ ਫਿਰ ਆਰਥਿਕ ਪੱਖ ਤੋਂ ਤੜਫਾਇਆ ਜਾਂਦਾ ਹੈ।

ਪੱਕੇ ਤੌਰ 'ਤੇ ਵੱਸੋਂ ਕਰ ਚੁੱਕੇ ਲੋਕ ਉੱਥੇ ਨਵੀਆਂ ਆਈਆਂ ਵਿਦਿਆਰਥਣਾਂ ਦਾ ਸ਼ੋਸ਼ਣ ਕਰਦੇ ਹਨ ਜੋ ਮਾਨਸਿਕ, ਆਰਥਿਕ ਅਤੇ ਸ਼ਰੀਰਕ ਸੰਤਾਪ ਨੂੰ ਝੱਲ ਜਾਂਦੀਆਂ ਹਨ, ਉਹ ਉੱਥੇ ਜੰਮ ਜਾਂਦੀਆਂ ਹਨ ਜਿਨ੍ਹਾਂ ਨੂੰ ਇਹ ਸੰਤਾਪ ਦੱਬ ਲੈਂਦਾ ਹੈ ਜਾਂ ਤਾਂ ਉਹ ਵਤਨ ਵਾਪਸੀ ਕਰ ਜਾਂਦੀਆਂ ਹਨ ਜਾਂ ਆਤਮਹੱਤਿਆ ਕਰ ਲੈਂਦੀਆਂ ਹਨ ਜਾਂ ਉੱਥੋਂ ਦੇ ਸਥਾਪਿਤ ਲੋਕਾਂ ਦੁਆਰਾ ਦੇਹਵਪਾਰ ਦੇ ਧੰਦੇ ਵਿੱਚ ਸੁੱਟ ਦਿੱਤੀਆਂ ਜਾਂਦੀਆਂ ਹਨ।

ਵਿਦੇਸ਼ ਜਾਣ ਲਈ ਰਿਸ਼ਤਿਆਂ ਦਾ ਘਾਣ ਕਰਕੇ ਅੱਲੜ ਕੁੜੀ ਦਾ ਬਜ਼ੁਰਗ ਨਾਲ ਵਿਆਹ ਕਰਵਾ ਕੇ, ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦਾ ਗਲ ਘੁੱਟ ਕੇਵਲ ਵਿਦੇਸ਼ ਜਾਣ ਲਈ ਉਨ੍ਹਾਂ ਦਾ ਵਿਆਹ ਕਰਵਾ ਲੈਣਾ, ਪਹਿਲਾਂ ਤੋਂ ਵਿਦੇਸ਼ਾਂ ਵਿੱਚ ਸਥਾਪਿਤ ਹੋ ਚੁਕੇ ਵਿਅਕਤੀਆਂ ਨਾਲ ਵਿਆਹ ਕਰਵਾ ਲੈਣਾ ਪੰਜਾਬੀਅਤ ਦੀ ਨੈਤਿਕਤਾ ਦਾ ਕਤਲ ਕਰਨ ਲਈ ਅਜਿਹੇ ਖੌਰੇ ਕਿੰਨੇ ਤਰੀਕੇ ਵਰਤੇ ਜਾਂਦੇ ਹਨ। ਸਮੱਸਿਆ ਉਦੋਂ ਵਾਪਰਦੀ ਹੈ ਜਦ ਕੋਈ ਵਿਅਕਤੀ ਗ਼ੈਰਤਾ ਨਾਲ ਭਰੇ ਰਿਸ਼ਤਿਆਂ ਦਾ ਗ਼ੈਰਤਾ ਦੇ ਅੰਦਾਜ ਵਿੱਚ ਫਾਇਦਾ ਚੁੱਕਣ ਲੱਗਦੇ ਹਨ। ਕੂੰਜਾਂ ਵਰਗੀਆਂ ਕੁੜੀਆਂ ਨੂੰ ਬੁੱਢਿਆਂ ਦੀ ਹਵਸ ਦਾ ਸ਼ਿਕਾਰ ਹੋਣਾ ਪੈਂਦਾ ਹੈ ਵਿਰੋਧ ਕਰਨ 'ਤੇ ਉਹਨਾਂ ਦਾ ਗਲ ਘੁੱਟ ਦਿੱਤਾ ਜਾਂਦਾ ਹੈ ਬਿਰਤਾਂਤਕਾਰ ਨੇ ਨਾਵਲ ਦੇ ਪਾਤਰ ਸੁਰਜੀਤ ਦੀ ਘਰਵਾਲੀ ਕੁਲਵੀਰ ਕੌਰ ਦੇ ਵਿਅਕਤਿਤਵ ਨੂੰ ਵਿਅਕਤ ਕਰਦਿਆਂ ਉਸ ਹਰ ਇੱਕ ਔਰਤ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਹੈ ਜੋ ਅਜਿਹੀ ਦਰਿੰਦਗੀ ਦਾ ਸ਼ਿਕਾਰ ਹੁੰਦੀਆਂ ਹਨ। ਪਾਤਰ ਸੁਰਜੀਤ ਡੌਂਕੀ ਲਾ ਕੇ ਅਮਰੀਕਾ ਪਹੁੰਚ ਜਾਂਦਾ ਹੈ ਕੁਝ ਸਾਲ ਬਾਅਦ ਉਹ ਆਪਣੀ ਘਰਵਾਲੀ ਨੂੰ ਆਪਣੇ ਰੂਮਮੇਟ ਜੋ ਕਿ ਉਮਰ 'ਚ ਵਡੇਰਾ ਹੈ ਪਰ ਉਥੇ ਪੱਕਾ ਹੈ, ਨਾਲ ਜਾਲ੍ਹੀ ਤਰੀਕੇ ਵਿਆਹ ਕੇ ਅਮਰੀਕਾ ਲੈ ਆਉਂਦਾ ਹੈ। ਉਹ ਬੰਦਾ ਗੁਰਜੀਤ ਦੀ ਗੈਰ ਹਾਜ਼ਰੀ ਵਿੱਚ ਕੁਲਵੀਰ ਨਾਲ ਜ਼ਬਰ ਕਰਕੇ ਉਸ ਦਾ ਕਤਲ ਕਰਕੇ ਛੱਤ ਦੇ ਪੱਖੇ ਨਾਲ ਲਮਕਾ ਕੇ ਆਤਮਹਤਿਆ ਕਰਾਰ ਦੇ ਦਿੰਦਾ ਹੈ ਅਤੇ ਬੇਗੁਨਾਹ ਗੁਰਜੀਤ ਨੂੰ ਆਰੋਪੀ ਕਰਾਰ ਦੇ ਦਿੰਦਾ ਹੈ। ਜਿਸ ਦਾ ਖਾਮਿਆਜ਼ਾ ਗੁਰਜੀਤ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾ ਕੇ ਭੁਗਤਣਾ ਪੈਂਦਾ ਹੈ।

ਬਿਰਤਾਂਤਕਾਰ ਨੇ ਗੁਰਜੀਤ ਅਤੇ ਕੁਲਬੀਰ ਵਿਚਾਲੇ ਸੰਦਰਭੀ ਬਿਰਤਾਂਤ ਨੂੰ ਘੜ ਕੇ ਸਮਾਜ ਦੇ ਉਸ ਕੌੜੇ ਸੱਚ ਨੂੰ ਦ੍ਰਿਸ਼ਟੀਮਾਨ ਕੀਤਾ ਹੈ ਜੋ ਪਰਦਿਆਂ ਉਹਲੇ ਹੁੰਦੇ ਜ਼ਬਰ ਜ਼ਨਾਹ ਦੀ ਪੇਸ਼ਕਾਰੀ ਕਰਦੇ ਹਨ। ਬਿਰਤਾਂਤਕਾਰ ਅਸਭਿਅਕ ਲੋਕਾਂ ਦੇ ਚਿਹਰਿਆਂ 'ਤੇ ਪਾਏ ਮਖੌਟਿਆਂ ਨੂੰ ਉਤਾਰਦਾ ਹੋਇਆ ਜ਼ਬਰ ਦਾ ਸ਼ਿਕਾਰ ਹੋਈਆਂ ਔਰਤਾਂ ਲਈ ਤਰਸ ਦੀ ਭਾਵਨਾ ਵਿਅਕਤ ਕਰਦਾ ਹੈ।

ਗੈਰ ਕਾਨੂੰਨੀ ਢੰਗ ਨਾਲ ਕੀਤੇ ਜਾਂਦੇ ਪਰਵਾਸ ਪਿੱਛੇ ਤਿਆਰ ਹੁੰਦੀ ਪਿੱਠ ਭੂਮੀ ਨੂੰ ਸਪਸ਼ਟ ਸ਼ਬਦਾਂ ਵਿੱਚ ਦ੍ਰਿਸ਼ਟੀਮਾਨ ਕੀਤਾ ਗਿਆ ਹੈ। ਸਮਾਜਿਕ ਚੌਗਿਰਦੇ ਵਿੱਚ ਕਿਰਤੀ ਮਜ਼ਦੂਰਾਂ ਦਾ ਵੱਡੇ ਜਿਮੀਦਾਰਾਂ ਦੇ ਘਰਾਂ ਅਤੇ ਖੇਤਾਂ ਵਿੱਚ ਕੰਮ ਕਰਨਾ ਇੱਕ ਅਹਿਮ ਅੰਗ ਹੈ ਆਰਥਿਕ ਪੀੜ੍ਹੀ ਪਾੜੇ ਕਾਰਨ ਸਮਾਜ ਵਿੱਚ ਵਿਚਰਨ ਲਈ ਸਭ ਕਾਰਜ ਮੁਕੰਮਲ ਕਰਨੇ ਪੈਂਦੇ ਹਨ ਕਈ ਵਾਰ ਵੱਡੇ ਜ਼ਿਮੀਦਾਰਾਂ ਵੱਲੋਂ ਆਪਸੀ ਖੁੰਦਕ ਜਾਂ ਚੱਲਦੇ ਵੈਰ ਵਿਰੋਧ ਕਾਰਨ ਆਪਣੀ ਵਿਰੋਧੀ ਧਿਰ ਦਾ ਕਤਲ ਕਰ ਦਿੱਤਾ ਜਾਂਦਾ ਹੈ ਜਿਸ ਉਪਰੰਤ ਕਿਸੇ ਵੀ ਕਾਰਨ ਉਸਦਾ ਜ਼ਿੰਮਾ ਕਾਮੇ ਕਿਰਤੀ ਨੂੰ ਆਪਣੇ ਸਿਰ ਲੈਣਾ ਪੈ ਜਾਂਦਾ ਹੈ ਕਿਰਤੀ ਕਾਮੇ ਨਾਲ ਜਤਾਇਆ ਜਾਂਦਾ ਹਮਦਰਦੀ ਭਰਿਆ ਅਹਿਸਾਨ ਜਿਸ ਨੂੰ ਵਾਚਦਿਆਂ ਕਿਰਤੀ ਕਾਮਾ ਅਜਿਹੇ ਕਾਂਡਾ ਦਾ ਜਿੰਮਾ ਆਪਣੇ ਸਿਰ ਲੈ ਲੈਂਦੇ ਹਨ। ਮਿਸਾਲ ਵਜੋਂ ਨਾਵਲ ਦੇ ਪਾਤਰ ਯਾਦ ਦੁਆਰਾ ਦੋਧੀ ਦਾ ਗੋਲ੍ਹੀ ਮਾਰ ਕੇ ਕਤਲ ਕਰ ਦਿੱਤਾ ਜਾਂਦਾ ਹੈ ਜਿਸ ਤੋਂ ਬਾਅਦ ਉਸ ਦਾ ਜ਼ਿੰਮਾ ਗੁਰਜੀਤ ਆਪਣੇ ਸਿਰ ਲੈ ਲੈਂਦਾ ਹੈ ਜਿਵੇਂ:

"ਅਸੀਂ ਉਸ ਬੰਦੇ ਦਾ ਪਤਾ ਕੀਤਾ ਜਿਹੜਾ ਬਾਈ ਜੀ ਦੀ ਗੋਲੀ ਨਾਲ ਮਰ ਗਿਆ ਸੀ ਸਾਡੀ ਸਕੀਮ ਇਹ ਸੀ ਕਿ ਸਾਰਾ ਇਲਜ਼ਾਮ ਮੈਂ ਆਪਣੇ ਸਿਰ ਲੈ ਲਵਾਂ ਤੇ ਬਾਈ ਦੇ ਟੱਬਰ ਤੇ ਕੋਈ ਵੀ ਕਾਨੂਨੀ ਕਾਰਵਾਈ ਨਾ ਹੋਵੇ।"[1]

ਪਾਤਰ ਗੁਰਜੀਤ ਦੇ ਮੂੰਹੋਂ ਬੋਲੇ ਗਏ ਉਪਰੋਕਤ ਸ਼ਬਦ ਉਸ ਹਰ ਇਕ ਸਮਾਜ ਵਿੱਚ ਵਿਚਰਦੇ ਮਨੁੱਖ ਦੀ ਦੁਚਿਤੀ ਭਰੀ ਸਥਿਤੀ ਨੂੰ ਬਿਆਨਦੇ ਹਨ ਜੋ ਉਸ ਹਰ ਇੱਕ ਮਨੁੱਖ ਦੇ ਚਰਿਤਰ ਨੂੰ ਪੇਸ਼ ਕਰਦਾ ਹੈ ਜਿਹੜਾ ਕਿ ਇਸ ਸਥਿਤੀ ਵਿੱਚੋਂ ਗੁਜਰਦਾ ਹੈ, ਗੁਜ਼ਰ ਚੁੱਕਿਆ ਹੈ ਜਾਂ ਗੁਜ਼ਰ ਰਿਹਾ ਹੈ ਭਾਵੇਂ ਮਨ ਮਰਜ਼ੀ ਨਾਲ ਭਾਵੇਂ ਜ਼ਬਰਦਸਤੀ ਕਰਕੇ ਥੋਪੇ ਜਾਂਦੇ ਜਾਲ੍ਹੀ ਮੁਕਦਮਿਆਂ ਨੂੰ ਚਿੱਤਰਤ ਕਰਦੇ ਹਨ। ਪਾਤਰ ਗੁਰਜੀਤ ਦਾ ਬਾਪੂ ਉਸ ਹਰ ਇੱਕ ਬਾਪ ਦੀ ਦਰਦ ਭਰੀ ਦਾਸਤਾਂ ਨੂੰ ਰੇਖਾਂਕਿਤ ਕਰਦਾ ਹੈ ਜਿਸ ਦਾ ਗੱਭਰੂ ਪੁੱਤ ਜਾਲ੍ਹੀ ਮੁਕਦਮੇ ਵਿੱਚ ਫਸ ਜਾਵੇ ਅਤੇ ਉਹ ਆਪਣੇ ਡਾਵਾਂ ਡੋਲ ਹੁੰਦੀ ਮਨੋਸਥਿਤੀ ਨੂੰ ਕਾਬੂ ਵਿੱਚ ਰੱਖਦਿਆਂ ਹੋਇਆ ਆਖਦਾ ਹੈ:

"ਪੁੱਤ ਮੇਰੇ ਨਾਮ ਪਵਾਦੇ, ਤੂੰ ਤਾਂ ਹਜੇ ਫੌਜ 'ਚ ਵੀ ਭਰਤੀ ਹੋਣਾ ਏ"[2]

ਜਾਲ੍ਹੀ ਮੁਕਦਮੇ ਦਾ ਚੱਲਦਾ ਸਿਲਸਿਲਾ ਕਈ ਜ਼ਿੰਦਗੀਆਂ ਨੂੰ ਕਲੇਵਰ ਵਿੱਚ ਲੈ ਲੈਂਦਾ ਹੈ ਸਾਡੀ ਜਾਚੇ ਅਜਿਹੀ ਸਥਿਤੀ ਵਿੱਚ ਕਿਰਤੀ ਕਾਮੇ ਦੀਆਂ ਦੋ ਪੀੜੀਆਂ ਦੁੱਖ ਭੋਗਦੀਆਂ ਹਨ ਨਾਵਲਕਾਰ ਸਮਾਜ ਦਾ ਯਥਾਰਥਕ ਚਿਤਰਨ ਕਰਕੇ ਅਜਿਹੀਆਂ ਵਾਰਦਾਤਾਂ ਤੋਂ ਦੂਰੀ ਬਣਾਏ ਰੱਖਣ ਲਈ ਪ੍ਰੇਰਿਤ ਕਰਦਾ ਹੈ। ਉਸਦਾ ਆਸ਼ਾਵਾਦੀ ਵਿਵਹਾਰ ਕਿਰਤੀ ਕਾਮੇ ਵਰਗ ਨਾਲ ਹਮਦਰਦੀ ਜਤਾਉਂਦਾ ਜਾਪਦਾ ਹੈ ਅਤੇ ਅਜਿਹੇ ਜਾਲ੍ਹੀ ਮੁਕਦਮਿਆਂ ਤੋਂ ਗੁਰੇਜ਼ ਕਰਨ ਲਈ ਵਰਜਦਾ ਹੈ ਅਜਿਹੇ ਦਵੰਦਾਤਮਕ ਸਮੇਂ ਵਿੱਚ ਪਰਿਵਾਰਾਂ ਦੇ ਪਰਿਵਾਰ ਉਜੜ ਜਾਂਦੇ ਹਨ ਕਈ ਵਾਰ, ਦੂਜੇ ਪਾਸੇ ਪਿੰਡਾਂ, ਸ਼ਹਿਰਾਂ, ਦੇਸ਼ਾਂ ਵਿੱਚ ਕਾਨੂੰਨੀ ਤੇ ਗੈਰ ਕਾਨੂੰਨੀ ਤਰੀਕੇ ਨਾਲ ਪਰਵਾਸ ਕਰ ਜਾਂਦੇ ਹਨ ਜਿਸ ਤਰ੍ਹਾਂ ਪਾਤਰ ਗੁਰਜੀਤ ਨੂੰ ਮਜ਼ਬੂਰੀ ਦਾ ਸ਼ਿਕਾਰ ਹੋ ਕੇ ਆਪਣਾ ਘਰ ਛੱਡਣਾ ਪੈਂਦਾ ਹੈ।

ਕਿਰਤੀ ਕਾਮੇ ਨੂੰ ਬਤੌਰ ਵੱਡੀ ਸਰਮਾਏਦਾਰੀ ਦੇ ਜੱਥੇ ਸਾਧਨ ਵਜੋਂ ਵਰਤਦੇ ਹਨ ਨਾਵਲ ਵਿੱਚ ਕਾਤਲ ਹੋਏ ਵਿਅਕਤੀ ਉੱਤੇ ਇਹ ਆਰੋਪ ਲਾ ਦਿੱਤਾ ਜਾਂਦਾ ਹੈ ਕਿ ਉਸਨੇ ਗੁਰਜੀਤ ਦੀ ਭੈਣ ਨਾਲ ਗੈਰ ਨੈਤਿਕ ਹਰਕਤਾਂ ਕੀਤੀਆਂ ਹਨ। ਆਪਣੇ ਸਿਰ 'ਤੇ ਜਾਲ੍ਹੀ ਲੈਤੇ ਕਤਲ ਦਾ ਸੰਤਾਪ ਸਾਰਾ ਪਰਿਵਾਰ ਭੋਗਦਾ ਹੈ। ਪੁਲਿਸ ਦੀ ਦਖ਼ਲਅੰਦਾਜ਼ੀ ਅਤੇ ਸੱਚ ਤੋਂ ਪਰਦਾਫਾਸ਼ ਹੋਣ ਦੇ ਡਰ ਤੋਂ ਵੱਡੇ ਸਰਮਾਏਦਾਰ ਗੁਰਜੀਤ ਦੁਆਰਾ ਡੌਂਕੀ ਲਾਉਣ ਦੀ ਪਿੱਠਭੂਮੀ ਤਿਆਰ ਕਰ ਦਿੰਦੇ ਹਨ।

ਡੌਂਕੀ ਦੌਰਾਨ ਤਸ਼ਦਦ ਭਰਿਆ ਸਫਰ ਤੈਅ ਕਰਨਾ ਪੈਂਦਾ ਹੈ ਖਾਣ ਪੀਣ ਦੀਆਂ ਵਸਤਾਂ ਦੀ ਥੋੜ ਕਾਰਨ ਸਰੀਰਕ ਬਿਮਾਰੀਆਂ ਸ਼ਰੀਰ ਅੰਦਰ ਘਰ ਕਰ ਜਾਂਦੀਆਂ ਹਨ ਜਿਸ ਕਾਰਨ ਉਹ ਬਹੁਤ ਸਫਰ ਤੈਅ ਨਹੀਂ ਕਰ ਪਾਉਂਦੇ ਅਤੇ ਆਪਣੇ ਜੀਵਨ ਸੰਸਾਰ ਨੂੰ ਅਲਵਿਦਾ ਆਖ ਜਾਂਦੇ ਹਨ। ਡੌਂਕੀ ਲਾ ਕੇ ਜਾਂਦੀਆਂ ਡਾਰਾਂ ਵਿੱਚੋਂ ਇੱਕ ਆਦਿ ਡਾਰ ਹੀ ਸਫਰ ਤੈਅ ਕਰਨ ਵਿੱਚ ਸਫਲ ਹੁੰਦੀ ਹੈ ਕਿਸੇ ਸਾਥੀ ਦੇ ਫੌਤ ਹੋਣ ਉਪਰੰਤ ਸਫਰ ਕਰਦੇ ਸਾਥੀਆਂ ਦੀਆਂ ਲਾਸ਼ਾਂ ਨੂੰ ਉਸੇ ਤਰ੍ਹਾਂ ਛੱਡ ਅੱਗੇ ਤੁਰ ਜਾਂਦੇ ਹਨ ਜਿਵੇਂ

"ਸਵੇਰ ਦੀ ਚਿੜੀਆਂ ਦੀ ਚੀਂ ਚੀਂ ਨੇ ਸਾਡੀ ਸਾਂਝ ਕੇ ਅੱਖ ਖੋਲ ਦਿੱਤੀ ਮੈਨੂੰ ਉਦੋਂ ਪਤਾ ਲੱਗਿਆ ਜਦੋਂ ਕਾਲੀ ਦੀ ਲਾਸ਼ ਸਾਡੇ ਸਰਾਣੇ ਪਈ ਸੀ"[3]

ਡੌਂਕੀ ਦੇ ਸਫਰ ਵਿੱਚ ਮੀਲਾਂ ਦਾ ਸਫਰ ਤੈਅ ਕਰਦੇ ਦੋਸਤ ਮਿੱਤਰਾਂ ਨੂੰ ਮਰਨ ਉਪਰੰਤ ਮਜਬੂਰੀ ਵਸ ਉਥੇ ਹੀ ਛੱਡ ਕੇ ਅਗਾਂਹ ਤੁਰਨਾ ਪੈਂਦਾ ਹੈ ਸਫਰ ਦੇ ਹਾਲਾਤ ਵਿਅਕਤੀ ਦੀ ਸਹਿਣਸ਼ੀਲਤਾ ਨੂੰ ਮੱਠਾ ਪਾ ਕੇ ਪੂਰਨ ਤੌਰ 'ਤੇ ਵਸਤੂਵਾਦੀ ਬਣਾ ਦਿੰਦੇ ਹਨ ਜਿਸ ਕਾਰਨ ਮਨੁੱਖ, ਮਨੁੱਖ ਨੂੰ ਤੁੱਛ ਵਸਤੂ ਸਮਝ ਪਛਾੜ ਦਿੰਦਾ ਹੈ ਤੇ ਅੱਗੇ ਲੰਘ ਜਾਂਦਾ ਹੈ।

ਨਾਵਲਕਾਰ ਵਾਕਾਂ ਨੂੰ ਤਰਤੀਬ 'ਚ ਫਿੱਟ ਕਰਨ ਵਿੱਚ ਅਸਮਰੱਥ ਹੈ ਵਾਕ ਅਧੂਰੇ ਅਤੇ ਅਸਪਸ਼ਟ ਜਾਪਦੇ ਹਨ। ਵਾਕਾਂ ਦੀ ਇਹ ਸਪਸ਼ਟਤਾ ਨਾਵਲ ਦੇ ਬਿਰਤਾਂਤ ਨੂੰ ਥੜਕਾ ਦਿੰਦੀ ਹੈ ਮਿਸਾਲ ਵਜੋਂ:

"ਮੇਰੀ ਉਮਰ ਉਦੋਂ ਬਸ ਉਨੀਆਂ ਸਾਲਾਂ ਦੀ ਸੀ। ਉਮੀਦਾਂ ਦਾ ਸਾਗਰ ਸੀ ਮੇਰੇ ਅੰਦਰ।"[4]

ਉਪਰੋਕਤ ਵਾਕਾਂ ਵਿੱਚ ਜਿਹੜੀ ਗੱਲ ਨਾਵਲਕਾਰ ਇੱਕ ਵਾਕ ਦੇ ਵਿੱਚ ਪੂਰੀ ਕਰ ਸਕਦਾ ਸੀ ਉਹ ਗੱਲ ਉਸਨੇ ਤਿੰਨ ਵਾਕਾਂ ਵਿੱਚ ਪੂਰੀ ਕੀਤੀ ਹੈ ਲਹਿ ਵਧ ਬਿਰਤਾਂਤ ਘੜਨ 'ਚ ਨਾਵਲਕਾਰ ਅਸਮਰੱਥ ਹੈ। ਬਿਰਤਾਂਤ ਦਾ ਕਨਸੈਅਪਟ ਚੰਗਾ ਹੈ ਪਰ ਬਿਰਤਾਂਤ ਘੜਨ ਦਾ ਢਾਂਚਾ ਥੋੜਾ ਲਚਕੀਲਾ ਹੈ। ਨਾਵਲ ਦਾ ਸਰਸਰੀ ਜਿਹਾ ਬਿਰਤਾਂਤ ਇਸ ਵਿੱਚ ਲੁਕੇ ਭੇਦ ਨੂੰ ਵੀ ਕਿਤੇ ਨਾ ਕਿਤੇ ਮੱਠਾ ਪਾ ਦਿੰਦਾ ਹੈ। ਇਸ ਤਰ੍ਹਾਂ ਵਾਕਾਂ ਦੇ ਅਰਥ ਅਧੂਰੇ ਜਾਪਦੇ ਹਨ।

ਡੌਂਕੀ ਨਾਵਲ ਦਾ ਸਮੁੱਚਾ ਪਾਠ ਸਮਾਜ ਦੀਆਂ ਕਈ ਤੰਦਾਂ ਨੂੰ ਛੂੰਹਦਾ ਹੈ ਔਰਤ ਦੀ ਸਥਿਤੀ ਅਤੇ ਮੁੱਲ ਦੇ ਵਿਆਹ ਦੀ ਸਮੱਸਿਆ ਜੋ ਹਾਲਤਿਕ ਸਾਡੇ ਸਮਾਜ ਵਿੱਚ ਤ੍ਰਾਸਦਿਕ ਘਟਨਾ ਵਜੋਂ ਵਾਪਰ ਰਹੀ ਹੈ, ਦੀ ਪੇਸ਼ਕਾਰੀ ਸਮਕਾਲੀ ਸਮਾਜ ਵਿੱਚ ਕੀਤੀ ਗਈ ਹੈ। ਪਾਤਰ ਸੀਤੋ ਮੁੱਲ ਵਿਕਦੀ ਔਰਤ ਦੀ ਤਸਵੀਰ ਹੈ ਸਭ ਕੁਝ ਹਾਸਲ ਹੁੰਦਿਆਂ ਵੀ ਇਸ ਨੂੰ ਉਸਦਾ ਸੌਦਾ ਕੀਤਾ ਜਾਂਦਾ ਹੈ ਸਮਾਜਿਕ ਪਰੰਪਰਾ ਵਿੱਚ ਪਿਆਰ ਮੋਹ ਦੀਆਂ ਤੰਦਾਂ ਮੱਠੀਆਂ ਪੈ ਜਾਂਦੀਆਂ ਹਨ ਪਰ ਆਰਥਿਕਤਾ ਆਪਣਾ ਅਸਤਿਤਵ ਕਾਇਮ ਕਰਦੀ ਹੋਈ ਔਰਤ ਦਾ ਮੁੱਲ ਕਰਵਾਉਂਦੀ ਹੈ ਪਾਤਰ ਸੀਤੋ ਦਾ ਤਾਇਆ ਆਪਣੀਆਂ ਬੇਟੀਆਂ ਦਾ ਮੁੱਲ ਕਰਦਾ ਹੋਇਆ ਪਾਤਰ ਸੀਤੋ ਦੇ ਤਾਏ ਦੇ ਇਹ ਬੋਲ ਮੁੱਲ ਦੇ ਵਿਆਹ ਦੇ ਸੰਦਰਭ ਵਿੱਚ ਗੋਲਣ ਯੋਗ ਹਨ:

"ਬੁੱਧਪੁਰੇ ਵਾਲੇ ਸਰਦਾਰਾਂ ਦੇ ਮੁੰਡੇ ਨੂੰ ਸੀਤੋ ਦੀ ਭੈਣ ਪਸੰਦ ਆਈ ਸੀ ਤਾਂ ਉਹ ਵੀ ਸੱਠ ਹਜ਼ਾਰ ਦੀ ਵੇਚੀ ਹੈ ਫੇਰ ਨਾਲੇ ਇੱਕ ਸੱਜਰ ਸੂਈ ਮੱਝ ਵੀ ਦਿੱਤੀ ਸੀ ਸਰਦਾਰਾਂ ਨੇ ਸਾਡੀ ਕੁੜੀ ਤੈਨੂੰ ਪਸੰਦ ਹੈ ਤਾਂ ਚਾਲ੍ਹੀ ਹਜਾਰ ਰੁਪਏ ਦੇ ਦਿਓ ਤੇ ਕੁੜੀ ਰੱਖ ਲਓ।"[5]

ਜਿਸ ਪਾਠ ਉੱਤੇ ਨਾਵਲਕਾਰ ਨੇ ਲੇਖਣੀ ਕਾਰਜ ਕੀਤਾ ਹੈ ਉਹ ਪਾਠ ਸਮਾਜਿਕ ਸੰਦਰਭ ਵਿੱਚ ਖ਼ਰਾ ਉੱਤਰਦਾ ਹੀ ਹੈ ਪਰ ਬੇਵਤਨੇ ਦੇ ਇਸ

ਕੰਨਸੈਅਪਟ ਨੂੰ ਉਸ ਦਰਜੇ ਪੇਸ਼ ਕਰਨ ਵਿੱਚ ਕੁਝ ਹੱਦ ਤੱਕ ਸਫਲ ਹੋਇਆ ਹੈ ਪਰ ਜਿਸ ਸਿਦਕ ਨਾਲ ਇਸ ਕਾਰਜ ਨੂੰ ਸਾਹਸ ਨਾਲ ਫੜਿਆ ਹੈ ਉਹ ਉੱਥੇ ਇਸ ਵਿੱਚ ਵਾਕਾਂ ਦੀ ਦੌੜ ਵਿੱਚ ਪਿੱਛੇ ਰਹਿ ਜਾਂਦਾ ਹੈ।

ਸਿੱਧੇ ਤੌਰ 'ਤੇ ਇਹ ਕਹਿ ਲਿਆ ਜਾਵੇ ਕਿ ਡੌਂਕੀ ਨੂੰ ਆਧਾਰ ਬਣਾਉਂਦੇ ਲੋਕ ਆਪਣੇ ਅਸਤਿੱਤਵ ਨੂੰ ਸੰਕਟ ਵਿੱਚ ਪਾ ਲੈਂਦੇ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ, ਕਈ ਰਸਤੇ ਵਿੱਚ ਹੀ ਫੌਤ ਹੋ ਜਾਂਦੇ ਹਨ ਕਈ ਸਿਖ਼ਰ ਪਹੁੰਚ ਕੇ ਵੀ ਪਹੁੰਚ ਨਹੀਂ ਪਾਉਂਦੇ, ਇਹ ਸਫਰ ਸਮੱਸਿਆ ਨਾਲ ਭਰਿਆ ਹੁੰਦਾ ਹੈ। ਨਾਵਲ ਦਾ ਡੌਂਕੀ ਵਾਲ਼ਾ ਕਨਸੈਂਟ ਨੌਜਵਾਨ ਪੀੜ੍ਹੀ ਦੇ ਹਿੱਤ ਨਾਲ ਜੁੜਦਾ ਹੈ।

## 2.0 **ਹਵਾਲੇ ਅਤੇ ਟਿੱਪਣੀਆਂ**

1. ਜੱਸੀ ਕਿਰਾੜਕੋਟ, ਡੌਂਕੀ, ਪ੍ਰੀਤ ਪਬਲੀਕੇਸ਼ਨ, ਨਾਭਾ, 2020, ਪੰਨਾ ਨੰ 35
2. ਉਹੀ, ਪੰਨਾ ਨੰ 35
3. ਉਹੀ, ਪੰਨਾ ਨੰ 54
4. ਉਹੀ, ਪੰਨਾ ਨੰ 30
5. ਉਹੀ, ਪੰਨਾ ਨੰ 27

*Journal of Punjabi Insights (JPI)* *Vol. 1 Issue I (Jan-March 2025)*

*Website: www. punjabiinsights.in ISSN: 31074286 (online)* **Pages 19-24**

# ਦਰਸ਼ਨ ਬੁੱਟਰ ' ਅੱਕਾਂ ਦੀ ਕਵਿਤਾ ' ਵਿਚਲਾ ਹਾਸ਼ੀਆਗਤ ਚਿੰਤਨ

**ਮਨਪ੍ਰੀਤ ਕੌਰ**

ਖੋਜਾਰਥੀ

ਪੰਜਾਬੀ ਵਿਭਾਗ , ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

**Email-id**: Punjabi2022manpreet@gmail.com

**ਅਬਸਟ੍ਰੈਕਟ** : ਸਾਹਿਤ ਸਮਾਜ ਦੀ ਪ੍ਰਤਿਬਿੰਬਨਾ ਹੁੰਦਾ ਹੈ, ਅਤੇ ਕਵੀ ਆਪਣੀ ਸੰਵੇਦਨਾ ਨੂੰ ਕਲਾਤਮਕ ਢੰਗ ਨਾਲ ਪ੍ਰਗਟ ਕਰਦਾ ਹੈ। ਹਾਸ਼ੀਆਗਤ ਲੋਕਾਂ ਦੀ ਆਵਾਜ਼ ਨੂੰ ਸਾਹਿਤ ਰਾਹੀਂ ਉਭਾਰਨ ਦੀ ਪ੍ਰਕਿਰਿਆ ਨਵੀਂ ਨਹੀਂ, ਪਰ ਸਮਕਾਲੀ ਕਵਿਤਾ ਵਿੱਚ ਇਹ ਵਿਸ਼ਾ ਵਧੇਰੇ ਮਹੱਤਵਪੂਰਨ ਹੋ ਗਿਆ ਹੈ। ਦਰਸ਼ਨ ਬੁੱਟਰ ਦੀ ਕਵਿਤਾ 'ਅੱਕਾਂ ਦੀ ਕਵਿਤਾ' ਅਤੇ ਹੋਰ ਕਾਵਿ ਰਚਨਾਵਾਂ, ਦਲਿਤ, ਨਿਮਨ ਕਿਸਾਨੀ ਅਤੇ ਆਧੁਨਿਕ ਸਮਾਜ ਵਿੱਚ ਉਤਪੰਨ ਸਮਾਜਕ, ਆਰਥਿਕ ਅਤੇ ਰਾਜਨੀਤਿਕ ਵਿਸ਼ਮਤਾ ਦੀ ਪਛਾਣ ਕਰਦੀਆਂ ਹਨ। ਇਹ ਕਵਿਤਾਵਾਂ ਸਮਾਜਿਕ ਤਬਕੇ ਵਿੱਚ ਹੋ ਰਹੇ ਬਦਲਾਅ, ਪੱਛੜੇ ਵਰਗਾਂ ਦੀ ਹਾਲਤ ਅਤੇ ਆਧੁਨਿਕਤਾ ਦੇ ਪ੍ਰਭਾਵ ਨੂੰ ਸੰਵੇਦਨਸ਼ੀਲ ਢੰਗ ਨਾਲ ਦਰਸਾਉਂਦੀਆਂ ਹਨ।

**ਕੁੰਜੀ ਸ਼ਬਦ :** ਸਾਹਿਤ, ਹਾਸ਼ੀਆਗਤ, ਦਲਿਤ ਚੇਤਨਾ, ਸਮਕਾਲੀ ਕਵਿਤਾ, ਦਰਸ਼ਨ ਬੁੱਟਰ, ਆਧੁਨਿਕਤਾ, ਨਿਮਨ ਕਿਸਾਨੀ, ਸਮਾਜਕ ਵਿਸ਼ਮਤਾ, ਪੱਛੜੇ ਤਬਕੇ, ਪਦਾਰਥਕ ਸਭਿਆਚਾਰ

## 1.0 **ਪ੍ਰਸਤਾਵਨਾ**

ਕਿਸੇ ਵੀ ਕਲਾਕ੍ਰਿਤ ਦੇ ਪੈਦਾ ਹੋਣ ਦਾ ਸਾਧਨ ਸਮਾਜ ਹੀ ਹੁੰਦਾ ਹੈ ਅਤੇ ਸਮਾਜ ਨਾਲ ਹੀ ਉਸਦੀ ਸਾਰਥਕਤਾ ਹੁੰਦੀ ਹੈ। ਸਾਹਿਤ ਅਜਿਹਾ ਹੀ ਇਕ ਜ਼ਰੀਆ ਹੈ ਜਿਸ ਰਾਹੀਂ ਸਾਹਿਤਕਾਰ ਆਪਣੀ ਸੰਵੇਦਨਾ ਨੂੰ ਲੋਕਾਂ ਸਾਹਮਣੇ ਇਕ ਕਲਾ ਵਾਂਗ ਪੇਸ਼ ਕਰਦਾ ਹੈ। ਸਾਹਿਤ ਦੀ ਵਸਤੂ ਸਮਾਜ ਵਿੱਚ ਵਿਚਰ ਰਿਹਾ ਮਨੁੱਖ ਹੀ ਹੁੰਦਾ ਹੈ ਸਾਹਿਤ ਆਮ ਭਾਸ਼ਾ ਤੋਂ ਵੱਖਰੀ ਰਚਨਾਤਮਕ ਅਤੇ ਸੁਹਜਾਤਮਕ ਰਚਨਾ ਹੁੰਦੀ ਹੈ। ਸਾਹਿਤਕਾਰ ਅੰਦਰ ਇਕ ਵਿਸ਼ੇਸ਼ ਕਿਸਮ ਦੀ ਚੇਤਨਾ ਅਤੇ ਅੰਦਰਲਾ ਨੇਤਰ ਹੁੰਦਾ ਹੈ, ਜਿਸ ਨਾਲ ਉਹ ਸਮਾਜ ਵਿਚਲੇ ਮਸਲਿਆਂ ਨੂੰ ਸਾਹਿਤ ਦਾ ਆਧਾਰ ਬਣਾਉਂਦਾ ਹੈ। ਇਸ ਦੇ ਲਈ ਉਹ ਵਾਰਤਕ ਜਾ ਕਵਿਤਾ ਵਿੱਚੋਂ ਸਾਹਿਤ ਦੇ ਕਿਸੇ ਵੀ ਰੂਪ ਨੂੰ ਸਾਧਨ ਬਣਾ ਸਕਦਾ ਹੈ। ਕਵਿਤਾ ਨੂੰ ਭਾਵਾਂ ਦੀ ਭਾਸ਼ਾ ਦੀ ਜ਼ਰੂਰਤ ਹੁੰਦੀ ਹੈ। ਕਵਿਤਾ ਕੇਵਲ ਗੁਲਾਬਾਂ ਵਰਗੇ ਸੁਖਾਲੇ ਜੀਵਨ ਉੱਤੇ ਹੀ ਨਹੀਂ ਲਿਖੀ ਜਾ ਸਕਦੀ ਸਗੋਂ ਉਜਾੜੀਂ ਉੱਗੇ ਅੱਕਾਂ ਵਰਗੀ ਜਿੰਦਗੀ ਜਿਉਣ ਵਾਲੇ ਲੋਕਾਂ ਜੋ ਸਮਾਜ ਅੰਦਰ ਸਮਾਜਕ ਉਤਪਾਦਨ ਵਿੱਚ ਫੈਸਲਾਕੁਨ ਭੂਮਿਕਾ ਨਿਭਾਉਂਦੇ ਹਨ, ਪਰੰਤੂ ਸਮਾਜਕ ਅਮਲ ਵਿੱਚੋਂ ਜਾ ਤਾਂ ਉਹ ਬੇਦਖਲ ਹਨ ਜਾ ਉਨ੍ਹਾਂ ਦੀ ਮਹੱਤਤਾ ਦੁਜੈਲੀ, ਤਿਜੈਲੀ ਪੱਧਰ ਦੀ ਹੈ ਉਨ੍ਹਾਂ ਉੱਤੇ ਵੀ ਕਵਿਤਾ ਲਿਖੀ ਜਾ ਸਕਦੀ ਹੈ ਦਰਸ਼ਨ ਬੁੱਟਰ ਇਸ ਸੰਦਰਭ ਵਿੱਚ ਲਿਖਦਾ ਹੈ-

ਰੋਜ ਗਾਰਡਨ ਦੀ
ਹਰ ਟਹਿਣੀ ਉੱਤੇ
ਖਿੜ੍ਹੇ ਗੁਲਾਬਾਂ ਵਿੱਚ ਹੀ
ਕਵਿਤਾ ਨਹੀਂ ਹੁੰਦੀ
ਉਜਾੜੀਂ ਉੱਗੇ
ਅੱਕਾਂ 'ਚ ਵੀ ਹੁੰਦੀ ਹੈ ਕਵਿਤਾ...[1]

ਪੰਜਾਬੀ ਸਾਹਿਤ ਜਗਤ ਵਿੱਚ ਕਵਿਤਾ ਲਿਖਣ ਵਾਲੇ ਕਵੀ ਵਖੋ ਵਖਰੀਆਂ ਧਾਰਨਾਵਾਂ ਅਧੀਨ ਕਵਿਤਾ ਲਿਖਦੇ ਹਨ, ਸਮਕਾਲ ਵਿੱਚ ਕਵਿਤਾ ਨਾਰੀ ਦੇ ਹੱਕਾਂ, ਨਿਮਨ ਕਿਸਾਨੀ ਜਾ ਦਲਿਤ ਚੇਤਨਾ ਲਈ ਲਿਖੀ ਜਾ ਰਹੀ ਹੈ। ਇਹ ਸਾਰੇ ਹੀ ਵਿੱਸ਼ੇ ਹਾਸ਼ੀਏ 'ਤੇ ਧੱਕੇ ਹੋਏ ਪ੍ਰਤੀਤ ਹੁੰਦੇ ਹਨ, ਕਿਉਂਕੀ ਇਨ੍ਹਾਂ ਲਈ ਭਾਰਤੀ ਸਮਾਜ ਵਿੱਚ ਮੱਧਕਾਲੀ ਤੇ ਜਗੀਰਦਾਰੀ ਪ੍ਰਬੰਧ ਤੋਂ ਪੂੰਜੀਵਾਦੀ ਪ੍ਰਬੰਧ ਵੱਲ ਵੱਧਦਿਆਂ ਵੀ ਸਮਾਜਿਕ ਵਿਚਾਰਧਾਰਾ ਕੁੱਝ ਖਾਸ ਨਹੀਂ ਬਦਲੀ।

ਹਾਸ਼ੀਆਗਤ ਅੰਗਰੇਜੀ ਸ਼ਬਦ SUBALTERN ਦਾ ਪੰਜਾਬੀ ਰੂਪ ਹੈ। ਹਾਸ਼ੀਆ ਕਿਸੇ ਧਰਾਤਲ ਦਾ ਉਹ ਖੇਤਰ ਹੁੰਦਾ ਹੈ ਜਿਸ ਦੀ ਜਰੂਰਤ ਤਾਂ ਹੁੰਦੀ ਹੈ ਪਰੰਤੂ ਉਸਦੇ ਮਹੱਤਵ ਨੂੰ ਅਣਗੌਲਿਆ ਕਰਕੇ ਛੱਡ ਦਿੱਤਾ ਜਾਂਦਾ ਹੈ। ਇਸਦਾ ਕੋਈ ਮੁੱਲ ਨਹੀਂ ਹੁੰਦਾ ਭਾਵੇਂ ਮੁੱਖ ਭੂਮੀ ਦੀ ਸਰੰਚਨਾ ਵਿੱਚ ਇਸਦਾ ਯੋਗਦਾਨ ਭਰਪੂਰ ਹੁੰਦਾ ਹੈ। ਜਿਸ ਤਰ੍ਹਾਂ ਮਹਾਂਨਗਰਾਂ ਵਿੱਚ ਉੱਚੀਆਂ-ਉੱਚੀਆਂ ਇਮਾਰਤਾਂ ਉਸਾਰਣ ਵਿੱਚ ਕਾਰਜਸ਼ੀਲ ਮਜਦੂਰਾਂ ਦੀ ਉਸ ਇਮਾਰਤ ਵਿੱਚ ਕੋਈ ਥਾਂ ਨਹੀਂ ਹੁੰਦੀ। ਹਾਸ਼ੀਆਗਤ ਲੋਕ ਉਹ ਹਨ ਜਿਨ੍ਹਾਂ ਨੂੰ ਕੁਲੀਨ ਵਰਗ ਆਪਣੇ ਆਰਥਕ, ਸਮਾਜਿਕ ਅਤੇ ਰਾਜਸੀ ਹਿੱਤਾਂ ਦੀ ਪੂਰਤੀ ਤੋਂ ਬਾਅਦ ਪਛਾਨਣ ਤੋਂ ਵੀ ਇਨਕਾਰ ਕਰਦਾ ਹੈ। ਇਹ ਧਿਰ ਸਮਾਜਕ ਉਤਪਾਦਨ ਵਿੱਚ ਤਾਂ ਕੇਂਦਰੀ ਭੂਮਿਕਾ ਨਿਭਾਉਂਦੀ ਹੈ ਪਰੰਤੂ ਸਮਾਜਕ ਅਮਲ ਵਿੱਚੋਂ ਬੇਦਖਲ ਹੈ। ਹਾਸ਼ੀਆਗਤ ਸਮੂਹ ਸ਼ਬਦ ਦੇ ਅੰਤਰਗਤ ਸਮਕਾਲ ਵਿੱਚ ਨਾਰੀ, ਨਿਮਨ ਕਿਸਾਨੀ, ਦਲਿਤ, ਪਛੜੇ ਕਬੀਲੇ, ਤੀਜਾ ਲਿੰਗ ਵਰਗ ਅਤੇ ਗੈਰ ਕੁਦਰਤੀ ਵਿਵਹਾਰਾਂ ਵਾਲੇ ਮਨੁੱਖੀ ਵਰਗ ਆਦਿ ਨੂੰ ਵਿਚਾਰਿਆ ਜਾਂਦਾ ਹੈ।

ਮੱਧਕਾਲੀਨ ਪੰਜਾਬੀ ਸਾਹਿਤ ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਹਾਸ਼ੀਆਗਤ ਅਧਿਐਨ ਦਾ ਕੇਂਦਰ ਬਿੰਦੂ ਹੈ-ਦਲਿਤ। ਦਲਿਤ ਸ਼ਬਦ ਮੁੱਢਲੇ ਤੌਰ ਤੇ ਜਾਤੀ-ਗਤ ਨਾ ਬਰਾਬਰੀ ਦੇ ਤੌਰ ਦੇ ਰੂਪ ਵਿੱਚ ਪਛਾਣਿਆ ਗਿਆ ਹੈ। ਸਮਕਾਲ ਵਿੱਚ ਦਲਿਤ ਚੇਤਨਾ ਨੂੰ ਕੇਵਲ ਜਾਤੀਗਤ ਚੇਤਨਾ ਦੇ ਸੀਮਤ ਘੇਰਿਆਂ ਵਿੱਚ ਹੀ ਵਿਚਾਰਿਆ ਜਾ ਰਿਹਾ ਹੈ। ਆਰੰਭ ਵਿੱਚ ਜਾਤ ਪੱਖੀ ਸਖਤਾਈ ਨਹੀਂ ਸੀ, ਮੰਨਿਆ ਗਿਆ ਹੈ ਕਿ ਰਿਗਵੇਦ ਦੇ ਸਮੇਂ ਕੇਵਲ ਤਿੰਨ ਹੀ ਵਰਣ ਸਨ ਅਤੇ ਚੋਥਾ ਵਰਣ ਜਿਸ ਨੂੰ ਸ਼ੂਦਰ ਕਿਹਾ ਗਿਆ, ਬਾਅਦ ਵਿੱਚ ਆਇਆ। ਸ਼ੂਦਰ ਨੂੰ ਚੋਥੀ ਸ਼੍ਰੇਣੀ ਵਜੋਂ ਹੇਠਲੀ ਸ਼੍ਰੇਣੀ ਨਿਸਚਿਤ ਕੀਤਾ ਗਿਆ। ਇਨ੍ਹਾਂ ਦਾ ਕੰਮਕਾਰ ਹੇਠਲੇ ਦਰਜੇ ਦਾ ਹੁੰਦਾ ਸੀ, ਜਿਸ ਕਾਰਨ ਸਮਾਂ ਪੈਣ ਤੇ ਇਸਨੂੰ **ਨੀਚ** ਸਮਝਿਆ ਜਾਣ ਲੱਗਾ। ਇਸ ਦੀ ਹਾਮੀ ਭਰਦੀਆਂ ਡਾ. ਸੇਵਾ ਸਿੰਘ ਲਿਖਦਾ ਹੈ-

" ਉਚੇ ਵਰਣਾ ਦੀ ਸੇਵਾ ਸ਼ੂਦਰਾਂ ਲਈ ਨਿਰਧਾਰਤ ਧਰਮ ਬਣ ਗਿਆ। ਇਸ ਕਰਕੇ ਸ਼ੂਦਰਾਂ ਦੀ ਸਥਿਤੀ ਕਰਮ ਅਤੇ ਭਗਤੀ ਦੁਆਲੇ ਘੁੰਮਣੀ ਸ਼ੁਰੂ ਹੋ ਗਈ। "[2]

ਦਰਸ਼ਨ ਬੁੱਟਰ ਦੇ ਕਾਵਿ ਸੰਗ੍ਰਹਿ ਅੱਕਾਂ ਦੀ ਕਵਿਤਾ ਵਿੱਚ ਨਾ ਕੇਵਲ ਦਲਿਤ ਚਿੰਤਨ ਬਾਰੇ ਹੀ ਸਗੋਂ ਹੋਰ ਵੀ ਅਜਿਹੇ ਬਹੁਤ ਵਿਸ਼ਿਆਂ ਉੱਤੇ ਵੀ ਜਿਕਰ ਕੀਤਾ ਗਿਆ ਹੈ ਜੋ ਅੱਜ ਦੇ ਸਮੇਂ ਵਿੱਚ ਹਾਸ਼ੀਆ ਤੇ ਧੱਕੇ ਹੋਏ ਦੇਖੇ ਜਾ ਸਕਦੇ ਹਨ ਜਿਸ ਤਰ੍ਹਾਂ ਉਸ ਦੀ ਕਵਿਤਾ ' ਸੁਚਨਾ ਕੇਂਦਰ ' , ' ਭਾਗ ਸਿੰਹੁ ' ਵਿੱਚ ਉਸ ਨੇ ਪਿੰਡ ਦੀ ਸੱਥ ਦਾ ਰੂਪਕ ਸਾਹਮਣੇ ਰੱਖ ਕੇ ਆਈ ਆਧੁਨਿਕਤਾ ਅਤੇ ਉਸ ਉਹਲੇ ਹੋਏ ਆਪਸੀ ਪ੍ਰੇਮ ਪਿਆਰ ਬਾਰੇ ਜਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਇਸ ਆਧੁਨਿਕਤਾ ਅਤੇ ਤਕਨਾਲੋਜੀ ਨੇ ਸਾਡੇ ਆਪਸੀ ਸਾਂਝ ਅਤੇ ਪਿਆਰ ਦੇ ਰਿਸ਼ਤਿਆਂ ਨੂੰ ਸੰਵੇਦਨਾ ਤੋਂ ਸਖਣੇ ਬਣਾ ਦਿੱਤਾ। ਆਧੁਨਿਕਤਾ ਵਿੱਚ ਪਛੱਮੀਕਰਨ ਦਾ ਸੰਕਲਪ ਵੀ ਰਖਿਆ ਜਾਂਦਾ ਹੈ ਇਸ ਨਾਲ ਸਾਡੇ ਜੀਵਨ ਵਿੱਚ ਇਕ ਵੱਖਰੇ ਤਰ੍ਹਾਂ ਦਾ ਬਦਲਾਅ ਆਉਂਦਾ ਹੈ ਇਸ ਵਿੱਚ ਅਸੀਂ ਮਾਸ ਮਿਡੀਆ ਨੂੰ ਵੀ ਰੱਖਦੇ ਹਾਂ ਜਿਸ ਨਾਲ ਸਮਾਜ ਵਿੱਚ ਮਨੁੱਖ ਦੀ ਪ੍ਰਤੀਸ਼ਠਾ ਨੂੰ ਉਸ ਦੇ ਇਨ੍ਹਾਂ ਹੀ ਸਾਧਨਾ ਰਾਂਹੀ ਆਂਕਿਆ ਜਾਂਦਾ ਹੈ। ਪਦਾਰਥਕ ਸਭਿਆਚਾਰ ਦੀ ਅਤਿ ਨਾਲ ਪਦਾਰਥਕ ਤੱਰਕੀ ਅਤੇ ਜੀਵਨ ਮੁੱਲਾਂ ਵਿੱਚ ਜੋ ਸੰਤੁਲਨ ਵਿਗੜਦਾ ਹੈ ਉਸ ਬਾਰੇ ਹੀ ਦਰਸ਼ਨ ਬੁੱਟਰ ਨੇ ਆਪਣੇ ਕਾਵਿ ਸੰਗ੍ਰਹਿ ਵਿਚਲੀਆਂ ਇਨ੍ਹਾਂ ਕਵਿਤਾਵਾਂ ਵਿੱਚ ਜਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਆਧੁਨਿਕਤਾ ਦੀ ਹੋੜ ਨੇ ਸਾਡੀ ਆਪਸੀ ਸਾਂਝ ਅਤੇ ਸਭਿਆਚਾਰ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਹੈ ਜਿਵੇਂ-

ਤੇ ਹੁਣ
ਗੁੱਡੀਆਂ ਪਟੋਲਿਆਂ ਦੇ ਦਿਲਾਂ ਅੰਦਰ
ਧੜਕਦੇ ਨੇ ' ਆਈ ਫੋਨ '
ਅੱਖਾਂ ਅੰਦਰ ਸੁਫਨੇ ਨਹੀਂ
ਚਕਾਚੌਂਧ ਹੈ ਸੂਚਨਾ ਕ੍ਰਾਂਤੀ ਦੀ
ਚਲੋ !
ਭਾਗ ਸਿਹੁੰ ਦੀ ਮੜ੍ਹੀ ਉੱਤੇ ਤਾਂ
ਲੱਗ ਗਿਆ ' ਟਾਵਰ ' ਦੂਰ-ਸੰਚਾਰ ਦਾ [3]

ਇਸੇ ਤਰ੍ਹਾਂ ਹੀ ਦਰਸ਼ਨ ਬੁੱਟਰ ਨੇ ਆਪਨੇ ਇਸ ਕਾਵਿ ਸੰਗ੍ਰਹਿ ਵਿੱਚ ਨਿਮਨ ਕਿਸਾਨੀ ਦੇ ਕੋਹਲੂ ਵਿੱਚ ਪਿਸਦੇ ਘੱਟ ਜਮੀਨੇ ਜੱਟ ਦਾ ਜਿਕਰ ਕਵਿਤਾ ' ਸੀਧੇ ਦੀ ਪਰਚੀ ' ਵਿੱਚ ਕੀਤਾ ਹੈ ਕਿ ਕਿਸ ਤਰ੍ਹਾਂ ਪੰਜਾਬ ਦੀ ਕਿਸਾਨੀ ਦਾ ਇਕ ਵੱਡਾ ਹਿੱਸਾ ਲਗਾਤਾਰ ਕੰਗਾਲ ਹੁੰਦਾ ਜਾ ਰਿਹਾ ਹੈ ਅਤੇ ਕਿਸ ਤਰ੍ਹਾਂ ਉਹ ਆਰਥਿਕ ਤੌਰ ਤੇ ਹਾਸ਼ੀਆਗਤ ਹੋ ਰਿਹਾ ਹੈ। ਵੱਡੀ ਗਿਣਤੀ ਵਿੱਚ ਕਿਸਾਨਾਂ ਵਿੱਚ ਖੁਦਕੁਸ਼ੀ ਦਾ ਰੁਝਾਣ ਵੇਖਣ ਨੂੰ ਮਿਲ ਰਿਹਾ ਹੈ। ਉਸ ਦੀਆਂ ਭਾਰੀਆਂ ਗਰਜਾਂ, ਦੇਣਦਾਰੀਆਂ ਨੇ ਹੀ ਉਸ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ ਹੁੰਦਾ ਹੈ। ਇਸੇ ਤਰ੍ਹਾਂ ਦੀ ਸੱਮਸਿਆ ਦਰਸ਼ਨ ਬੁੱਟਰ ਦੀ ਕਵਿਤਾ ' ਰੁਖਸਤ ਹੋਣ ਦਾ ਢੰਗ ' ਵਿੱਚ ਵੀ ਪੇਸ਼ ਹੋਈ ਹੈ, ਜਦ ਕਵੀ ਜਿਉਣ ਸਿੰਘ ਦੇ ਗਲ ਵਿੱਚ ਰੱਸਾ ਵੇਖ ਕੇ ਬਿਆਨ ਕਰਦਾ ਹੈ ਕਿ ਜੇਕਰ ਅੱਜ ਸਮਾਂ ਮੁਸ਼ਕਲਾਂ ਭਰਿਆ ਹੈ ਤਾਂ ਜਰੂਰੀ ਨਹੀਂ ਕਿ ਉਸ ਨੂੰ ਦਰੁਸਤ ਕਰਣ ਦੇ ਯਤਨ ਕਰਨ ਦੀ ਥਾਂ

ਅਸੀਂ ਖੁਦਕੁਸ਼ੀ ਕਰ ਲਈਏ। ਜਿਸਦਾ ਨਾਂ ਜਿਉਣ ਜੋਗਾ ਰਖਿਆ ਗਿਆ ਹੋਵੇ ਉਸਨੂੰ ਇਸ ਤਰ੍ਹਾਂ ਆਪਣਾ ਜੀਵਨ ਸਮਾਪਤ ਕਰਨ ਦਾ ਕੋਈ ਅਧਿਕਾਰ ਨਹੀਂ। ਸੀਧੇ ਦੀ ਪਰਚੀ ਵਿੱਚ ਦਰਸ਼ਨ ਬੁੱਟਰ ਲਿਖਦਾ ਹੈ-

ਟਰਾਲੀ ਮੰਡੀਓਂ ਪਰਤੀ
ਜੱਟ ਤੋਂ ਬਗੈਰ, ਸੌਦੇ-ਪੱਤੇ ਸਮੇਤ
ਲੋਗੜੀ ਵਾਲੇ ਲਫਾਫੇ ਚੋਂ ਡਿੱਗੀ
ਸਲਫਾਂਸ ਦੀ ਖਾਲੀ ਡੱਬੀ
ਮਾਂ ਧੀ ਹੈਰਾਨ
ਭਲਾ ! ਇਹ ਕਦੋਂ ਲਿਖੀ ਸੀ
ਸੀਧੇ ਦੀ ਪਰਚੀ ਵਿੱਚ ... ... ...[4]

ਸਮਕਾਲ ਵਿੱਚ ਦਲਿਤ ਚੇਤਨਾ ਬਹੁਤ ਚਰਚਾ ਦਾ ਵਿੱਸ਼ਾ ਬਣਿਆ ਹੋਇਆ ਹੈ ਦਲਿਤ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸਦੀ ਉੱਤਪੱਤੀ ' ਦਲ ' ਧਾਤੂ ਤੋਂ ਹੋਈ ਹੈ ਜਿਸਦਾ ਅਰਥ ਹੈ, ਦਲਨਾ, ਤੋੜਨਾ, ਕੁਚਲਨਾ, ਖੰਡੀਤ ਕਰਨਾ। ਜਿਸਤੋਂ ਭਾਵ ਹੈ ਦੱਬਿਆ, ਕੁਚਲਿਆ ਜਾਂ ਲਿਤਾੜਿਆ ਮਨੁੱਖ। ਅਜੋਕੇ ਸਮੇਂ ਇਸ ਸ਼ਬਦ ਦੀ ਵਰਤੋਂ ਜਾਤੀ ਵਿਵਸਥਾ ਅਨੁਸਾਰ ਸ਼ੂਦਰ ਜਾ ਅਛੂਤ ਅਖਵਾਉਣ ਵਾਲੀਆਂ ਪੱਛੜੀਆਂ ਸ਼ਰ੍ਹੇਣੀਆਂ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ। ਦਲਿਤ ਦੀ ਕੋਈ ਵੱਖਰੀ ਪਰਿਭਾਸ਼ਾ ਨਹੀਂ ਸਗੋਂ ਇਹ ਹਾਸ਼ੀਆਗਤ ਧਿਰਾਂ ਦੀ ਕਤਾਰ ਵਿੱਚ ਸਭ ਤੋਂ ਪ੍ਰਮੁੱਖ ਹੈ। ਵਰਣ ਵੰਡ ਵਰਗੇ ਦਲਦਲ ਵਿੱਚ ਦਲਿਤਾਂ ਨੂੰ ਸਨਾਤਨੀ ਸਮੇਂ ਤੋਂ ਹੀ ਧੱਕ ਦਿੱਤਾ ਗਿਆ ਸੀ। ਸਮਾਜ ਦੇ ਵੱਖੋ ਵੱਖਰੇ ਵਿਕਾਸ ਪੜਾਵਾਂ ਤੇ ਜਾਤੀ ਵਿਵਸਥਾ ਸੰਬੰਧੀ ਸਵਾਲ ਤਾਂ ਬਹੁਤੇ ਹੀ ਉਠਦੇ ਰਹੇ, ਪਰੰਤੂ ਇਹ ਕੋਈ ਫੈਸਲਾਕੁਨ ਬਦਲਾਅ ਲਿਆਉਣ ਵਿੱਚ ਸਫਲ ਨਾ ਹੋਏ। ਸਮੇਂ-ਸਮੇਂ 'ਤੇ ਭਾਰਤ ਵਿੱਚ ਇਸ ਸੰਬੰਧੀ ਬਹੁਤ ਸਾਰੀਆਂ ਰਾਜਨੀਤਕ ਅਤੇ ਧਾਰਮਿਕ ਲਹਿਰਾਂ ਨੇ ਇਸ ਵਰਗ ਨੂੰ ਬਰਾਬਰੀ ਦਾ ਦਰਜਾ ਦਵਾਉਣ ਲਈ ਸੰਘਰਸ਼ ਜਰੂਰ ਕੀਤਾ। ਪਰੰਤੂ ਇਸ ਨਾਲ ਕੋਈ ਵੱਡਾ ਬਦਲਾਅ ਵੇਖਣ ਨੂੰ ਨਹੀਂ ਮਿਲਿਆ। ਇਥੋਂ ਤਕ ਕੀ ਪਿੰਡਾਂ ਵਿੱਚ ਲਹਿੰਦੇ ਪਾਸੇ ਵਿੱਚ ਦਲਿਤਾਂ ਦੇ ਘਰ ਪਿੰਡ ਦੀ ਵੱਸੋਂ ਤੋਂ ਬਾਹਰ ਹੀ ਬਣੇ ਹੁੰਦੇ ਹਨ, ਕਿਉਂਕੀ ਬ੍ਰਾਹਮਣੀ ਸੋਚ ਅਨੁਸਾਰ ਉਸ ਪਾਸੋਂ ਆਉਂਦੀ ਹਵਾ ਵੀ ਅਛੂਤ ਸਮਝੀ ਜਾਂਦੀ ਹੈ। ਪਰੰਤੂ ਉਹ ਅਖੋਤੀ ਉੱਚ ਜਾਤਾਂ ਵਾਲਿਆਂ ਦੇ ਕੰਮਾ-ਕਾਰਾਂ ਵਿੱਚ ਤਾਂ ਸ਼ਾਮਿਲ ਹੁੰਦੇ ਹਨ ਚਾਹੇ ਉਹ ਖੇਤੀਬਾੜੀ ਦਾ ਹੋਵੇ ਜਾ ਕਾਰਖਾਨੇਦਾਰੀ ਦਾ। ਜਿਸ ਸਮੇਂ ਉਹ ਅਖੋਤੀ ਉੱਚ ਜਾਤਾਂ ਵਾਲਿਆਂ ਦੇ ਘਰਾਂ ਦਾ ਜਾਂ ਉਨ੍ਹਾਂ ਦੇ ਖੇਤੀਬਾੜੀ ਦਾ ਕੰਮ ਕਰਦੇ ਹਨ ਉਸ ਸਮੇਂ ਤਾਂ ਉੱਚ ਜਾਤੀ ਵਾਲਿਆਂ ਦੇ ਘਰ ਜਾ ਉਹ ਸਥਾਨ ਨਹੀਂ ਭਿੱਟਦੇ ਅਤੇ ਨਾ ਹੀ ਉਹ ਜਮੀਨਾਂ ਭਿੱਟਦੀਆਂ ਹਨ ਜਿਨ੍ਹਾਂ ਵਿੱਚ ਉਹ ਪੱਛੜੀਆਂ ਜਾਤਾਂ ਵਾਲੇ ਲੋਕ ਕੰਮ ਕਾਰ ਕਰਦੇ ਹਨ, ਇੱਥੋਂ ਤਕ ਕੀ ਉਹ ਹੀ ਮਕਾਨ ਬਨਾਉਣ ਅਤੇ ਜੱਟ ਜਮੀਦਾਰਾਂ ਦੇ ਖੇਤਾਂ ਵਿੱਚੋਂ ਉਨ੍ਹਾਂ ਦੀਆਂ ਫਸਲਾਂ ਨੂੰ ਸਾਂਭਣ ਅਤੇ ਘਰ ਤਕ ਪਹੁੰਚਾਉਣ ਦਾ ਕੰਮ ਕਰਦੇ ਹਨ। ਅਜੋਕੇ ਸਮੇਂ ਵਿੱਚ ਜੱਟਾਂ ਦੇ ਘਰ ਸਿਰੀ ਰੱਖਣ ਦੀ ਰਵਾਇਤ ਜਾਰੀ ਹੈ, ਉਸ ਜੱਟ ਦੇ ਘਰ ਉਸ ਸਿਰੀ ਨਾਲ ਹੁੰਦੇ ਬਰਤਾਅ ਦਰਸ਼ਨ ਬੁੱਟਰ ਦੀ ਕਵਿਤਾ ' ਗੋਧੂ ' ਵਿੱਚ ਵੇਖਣ ਨੂੰ ਮਿਲਦਾ ਹੈ। ਬੇਸ਼ਕ ਸਿਰੀ ਰਹਿਣ ਤੇ ਗੋਧੂ ਨੂੰ ਉਸ ਦੀ ਮਜਦੂਰੀ ਮਿਲਦੀ ਹੈ ਇਹ ਹਿੱਸਾ ਉਸ ਦੇ ਜੀਵਨ ਨੂੰ ਨਹੀਂ ਸੁਧਾਰ ਪਾਉਂਦਾ ਪਰੰਤੂ ਉਹ ਸਿਰੀ ਆਪਣੀ ਮਿਹਨਤ ਸਦਕਾ ਉਸ ਪਰਿਵਾਰ ਦੀਆਂ ਬਹੁਤ ਔਖਿਆਈਆਂ ਨੂੰ ਹੱਲ ਕਰਦਾ ਹੈ ਇਸੇ ਤਰਾਂ ਹੀ ਪੀੜ੍ਹੀ ਦਰ ਪੀੜ੍ਹੀ ਇਹ ਸਿਰੀ ਉਨ੍ਹਾਂ ਜੀਮੀਦਾਰਾਂ ਦੇ ਘਰ ਆਪਣਾ ਜੀਵਨ ਗੁਜਾਰ ਦਿੰਦੇ ਹਨ। ਇਕ ਗੋਧੂ ਦਾ ਕੌਲਾ ਉਸ ਦੇ ਪੁੱਤਰ ਨੂੰ ਵਿਰਾਸਤ ਵਿੱਚ ਮਿਲ ਜਾਂਦਾ ਹੈ, ਜੋ ਘਰ ਦੇ ਬਾਹਰ ਇਕ ਆਲੇ ਵਿੱਚ ਰੱਖਿਆ ਰਹਿੰਦਾ ਹੈ, ਤਾਂ ਜੋ ਉਸ ਨੂੰ ਹੱਥ ਲੱਗ ਜਾਣ ਤੇ ਉਸ ਘਰ ਦੇ ਲੋਕ ਭਿੱਟ ਨਾ ਜਾਣ। ਇਹ ਕਵਿਤਾ ਸ਼ੋਸ਼ਕ ਵਰਗ ਉੱਤੇ ਵੀ ਸਿੱਧਾ ਵਿਅੰਗ ਹੈ ਇਸ ਦੀ ਹਾਮੀ ਭਰਦੀਆਂ ਕਵੀ ਲਿਖਦਾ ਹੈ ਜਿਵੇਂ-

ਵੀਹ ਵਰ੍ਹਿਆਂ ਤੋਂ
ਇਕੋ ਆਲੇ ਚ ਕੌਲਾ ਹੈ ਮੇਰਾ
ਦਿਆਲੇ ਜੱਟ ਦੇ ਘਰੇ
ਕੱਚੀ ਕੰਧ ਵਿੱਚ ਹੈ ਇਹ ਆਲਾ

ਗਾਰੇ ਚ ਖੁੱਭੀ
ਕਬੀਲਦਾਰੀ ਦੀ ਗੱਡ ਨਹੀਂ ਖਿੱਚ ਸਕਦੇ
ਇਹ ਸੱਤਿਆਹੀਣ ਦਾਣੇ

ਜਿਨ੍ਹਾਂ ਚਿਰ

ਸੱਤਿਆ ਨਹੀਂ ਪੈਂਦੀ
ਦਾਣਿਆਂ ਅੰਦਰ
ਸੂਰਜ ਚੜ੍ਹਦੇ ਲਹਿੰਦੇ ਰਹਿਣਗੇ
ਕੌਲੇ ਸਫਰ ਕਰਦੇ ਰਹਿਣਗੇ
ਪੀੜ੍ਹੀ ਦਰ ਪੀੜ੍ਹੀ... ਆਲੇ ਦਰ ਆਲੇ [5]

ਸਮਕਾਲ ਵਿੱਚ ਦਲਿਤ ਚੇਤਨਾ ਬਹੁਤ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰੰਤੂ ਇਸ ਸੰਕਲਪ ਨੂੰ ਸਿਧਾਂਤ ਬੱਧ ਕਰਨ ਵੱਲ ਬਹੁਤ ਘੱਟ ਗੰਭੀਰਤਾ ਨਜ਼ਰ ਆਉਂਦੀ ਹੈ। ਇਸ ਗੰਭੀਰ ਵਿੱਸ਼ੇ ਨੂੰ ਕਵੀਆਂ ਨੇ ਫੈਸ਼ਨ ਬਣਾ ਲਿਆ ਹੈ ਅਤੇ ਫੈਸ਼ਨ ਵਾਂਗ ਹੀ ਉਸਤੇ ਜਿਕਰ ਕਰਦੇ ਹਨ। ਪਰੰਤੂ ਇਸਦੇ ਗੰਭੀਰ ਸਿਧਾਂਤਕ ਨੁਕਤਿਆਂ ਨੂੰ ਵਿਚਾਰਨਾ ਨਹੀਂ ਚਾਹੁੰਦੇ। ਬਦਲਾਅ ਸਮੇਂ ਦੀ ਮੰਗ ਤੇ ਜੀਵਨ ਦਾ ਨਿਯਮ ਹੈ। ਹਰ ਚੀਜ ਸਮੇਂ ਸਿਰ ਬਦਲਾਅ ਦੀ ਮੰਗ ਕਰਦੀ ਹੈ ਹੌਲੀ- ਹੌਲੀ ਵਿਗਿਆਨਕ ਯੁਗ ਅਤੇ ਮਸ਼ੀਨੀਕਰਨ ਦੀ ਆਮਦ ਨਾਲ ਮਨੁੱਖੀ ਜੀਵਨ ਵਿੱਚ ਬਹੁਤ ਸਾਰੇ ਪਰਿਵਰਤਨ ਆਏ। ਜਿੱਥੇ ਆਧੁਨਿਕਤਾ ਨੇ ਮਨੁੱਖੀ ਜੀਵਨ ਨੂੰ ਬਹੁਤ ਸੁਖਾਲਾ ਕੀਤਾ ਹੈ ਉੱਥੇ ਹੀ ਇਸ ਨਾਲ ਮਨੁੱਖ ਆਪਣੇ ਆਪ ਤਕ ਹੀ ਸੀਮਿਤ ਹੋ ਗਿਆ ਹੈ ਅਤੇ ਇਸ ਮਸ਼ੀਨੀਕਰਨ ਨੇ ਮਨੁੱਖ ਨੂੰ ਵੀ ਮਸ਼ੀਨ ਬਣਾ ਦਿੱਤਾ ਜੋ ਭਾਵਨਾ ਰਹਿਤ ਹੁੰਦੀ ਹੈ। ਮਸ਼ੀਨੀਕਰਨ ਦੇ ਆਉਣ ਕਾਰਨ ਮਨੁੱਖ ਮਸ਼ੀਨਾ ਨਾਲ ਮਸ਼ੀਨ ਹੋਣ ਲੱਗਾ ਤੇ ਉਸ ਦੇ ਜੀਵਨ ਵਿੱਚੋਂ ਵਿਹਲ ਦੇ ਪਲ ਸੀਮਿਤ ਹੋਣ ਲੱਗੇ। ਇਸ ਆਧੁਨਿਕਤਾ ਦੇ ਹੱੜ ਨੇ ਬਹੁਤ ਅਜੇਹੇ ਲੋਕਾਂ ਦੇ ਰੋਜੀ-ਰੋਟੀ ਦੇ ਵਸੀਲੇ ਨੂੰ ਉਨ੍ਹਾਂ ਤੋਂ ਖੋਹ ਲਿਆ, ਜਿਨ੍ਹਾਂ ਦੀ ਅਜੀਵਿਕਾ ਦੇ ਸਾਧਨ ਹੀ ਹੱਥ ਦੀਆਂ ਬਣੀਆਂ ਵਸਤੂਆਂ ਸਨ। ਇਸੇ ਮਸ਼ੀਨੀਕਰਨ ਨੇ ਸਾਡੇ ਸਭਿਆਚਾਰ ਵਿੱਚੋਂ ਸੱਥਾਂ, ਤ੍ਰਿਞਣ ਅਤੇ ਘਰਾਂ ਵਿਚਲੇ ਆਪਸੀ ਪ੍ਰੇਮ ਪਿਆਰ ਨੂੰ ਕਿਸ ਤਰ੍ਹਾਂ ਆਪਣੀ ਚਪੇਟ ਵਿੱਚ ਲਿਆ ਹੈ ਦਰਸ਼ਨ ਬੁੱਟਰ ਦੀ ਕਵਿਤਾ ' ਕੱਚਾ ਚੋਤਰਾ ' ਵਿੱਚ ਵੇਖਣ ਨੂੰ ਮਿਲਦਾ ਹੈ ਜਿਸ ਵਿੱਚ ਮਸ਼ੀਨੀਕਰਨ ਨੇ ਚਰਖੇ, ਤ੍ਰਿਞਣ ਦੇ ਵਜੂਦ ਨੂੰ ਵੀ ਲਗਭਗ ਸੀਮਿਤ ਕਰ ਦਿੱਤਾ ਹੈ। ਅਜੋਕੇ ਸਮੇਂ ਵਿੱਚ ਚਰਖਾ ਕੇਵਲ ਅਜਾਇਬ ਘਰਾਂ ਵਿੱਚ ਜਾ ਗਿੱਧਾ ਭੰਗੜਾ ਕਰਨ ਵਾਲੇ ਗਰੁਪਾਂ ਕੋਲ ਹੀ ਵੇਖਣ ਨੂੰ ਮਿਲਦਾ ਹੈ, ਮਸ਼ੀਨੀਕਰਨ ਨੇ ਸੱਥਾਂ, ਤ੍ਰਿਞਣ, ਚਰਖੇ ਦੀ ਹੋਂਦ ਨੂੰ ਹਾਸ਼ੀਏ ਤੇ ਧੱਕ ਦਿੱਤਾ ਹੈ। ਦਰਸ਼ਨ ਬੁੱਟਰ ਲਿਖਦਾ ਹੈ-

ਵਕਤ ਦੀ ਚਲੋ-ਚਾਲ ਨੇ
ਚੁੱਲ੍ਹਿਆਂ ਚ
ਡਾਹ ਦਿੱਤੇ ਰੰਗਲੇ ਚਰਖੇ
ਉੱਡ-ਪੁੱਡ ਗਈਆਂ ਰੌਣਕਾਂ
ਕੱਚੇ ਚੌਂਤਰੇ ਦੀਆਂ...[6]

ਸਾਹਿਤ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਸਾਹਿਤ ਸਮਾਜ ਵਿੱਚੋਂ ਹੀ ਜਨਮਦਾ ਹੈ, ਅਤੇ ਸਮਾਜ ਦੀ ਹੀ ਗੱਲ ਕਰਦਾ ਹੈ। ਸਮਾਜ ਵਿੱਚਲੇ ਭਖਦੇ ਮੁੱਦਿਆਂ ਬਾਰੇ ਜਿਕਰ ਅਤੇ ਫਿਕਰ ਸਾਹਿਤਕਾਰ ਹੀ ਆਪਣੀ ਕਲਮ ਰਾਹੀਂ ਕਰਦਾ ਹੈ। ਪਰੰਤੂ ਅਜੋਕੇ ਸਮੇਂ ਵਿੱਚ ਜਿਸ ਪ੍ਰਕਾਰ ਸਾਹਿਤਕਾਰ ਕੇਵਲ ਅਤੇ ਕੇਵਲ ਰੋਮਾਂਸ ਦੀਆਂ ਕਵਿਤਾਵਾਂ ਲਿਖਣ ਵਿੱਚ ਮਸਰੂਫ ਹਨ। ਉਨ੍ਹਾਂ ਨੂੰ ਕੇਵਲ ਕੂਲੇ-ਕੂਲੇ ਖਰਗੋਸ਼ ਵਰਗੀਆਂ ਕਵਿਤਾਵਾਂ, ਜੋ ਜਵਾਨ ਦਿਲਾਂ ਨੂੰ ਰਿਝਾਉਣ ਦਾ ਕਾਰਜ ਕਰਦੀਆਂ ਹਨ, ਉਹ ਲਿੱਖਣੀਆਂ ਯਾਦ ਹਨ। ਜਿਸ ਤਰ੍ਹਾਂ ਜੰਗਲ ਦਾ ਕੋਈ ਨਿਯਮ ਕਾਨੂੰਨ ਨਹੀਂ ਹੁੰਦਾ ਉਸੇ ਤਰ੍ਹਾਂ ਹੀ ਅਜੋਕੇ ਸਮਾਜ ਵਿੱਚ ਕੋਈ ਨਿਯਮ ਨਹੀਂ, ਹਰ ਰੋਜ਼ ਕੋਈ ਨਾ ਕੋਈ ਅਪਰਾਧ ਸ਼ਰੇਆਮ ਹੁੰਦਾ ਹੈ ਅਤੇ ਪਰੰਤੂ ਉਨ੍ਹਾਂ ਬਾਰੇ ਕੋਈ ਵਿਰਲਾ ਸਾਹਿਤਕਾਰ ਹੀ ਸੰਵੇਦਨਾ ਨਾਲ ਲਿਖਦਾ ਹੈ। ਕੁੱਝ ਅਜਿਹੀ ਸੰਵੇਦਨਾ ਦਰਸ਼ਨ ਬੁੱਟਰ ਦੀ ਕਵਿਤਾ 'ਐਬਸਰਡ ਕਵਿਤਾ' ਵਿੱਚ ਬਿਆਨ ਕੀਤੀ ਗਈ ਹੈ ਜਿਸ ਵਿੱਚ ਉਹ ਸਮਾਜ ਦੇ ਸੱਚ ਨੂੰ ਬਿਆਨ ਕਰਨ ਤੋਂ ਡਰਨ ਵਾਲੇ ਸਾਹਿਤਕਾਰਾਂ ਨੂੰ ਸੰਬੋਧਨ ਕਰਨ ਲਈ ਵੱਖੋ ਵਖਰੇ ਰੂਪਕ ਵਰਤਦਾ ਹੋਇਆ ਸਮਾਜ ਵਿਚਲੇ ਜੰਗਲਰਾਜ ਪ੍ਰਤੀ ਫਿਕਰਮੰਦ ਦਿਸਦਾ ਹੈ। ਉਹ ਲਿਖਦਾ ਹੈ-

ਪਰਸੋਂ
ਤੇ ਪਰਸੋਂ ਤੋਂ ਬਾਅਦ... ਕਦੇ ਵੀ
ਜੇ ਮੇਰੀਆਂ ਕਵਿਤਾਵਾਂ ਵਿੱਚ
ਹੱਡਾ ਰੋੜੀ ਦੀਆਂ ਇਲ੍ਹਾਂ
ਪੁੱਠੇ ਲਮਕਦੇ ਚਮਗਾਦੜ
ਅੰਨ੍ਹੇ ਉੱਲੂ
ਆਲਸੀ ਘੋਗੜ ਆਉਂਦੇ ਨੇ
ਤਾਂ ਮੇਰੀ ਕਿਤਾਬ ਨੂੰ
ਚਿੜੀਆ ਘਰ ਦੇ ਬਾਂਦਰਾਂ ਹਵਾਲੇ ਕਰਕੇ

ਤੁਸੀਂ
ਕੂਲੇ ਕੂਲੇ ਖਰਗੋਸ਼ਾਂ ਕੋਲ ਚਲੇ ਜਾਣਾ
ਤੇ ਮੇਰੀ ਬਦ-ਮਿਜਾਜ਼ ਕਵਿਤਾ ਨੂੰ
ਛੱਡ ਦੇਣਾ ਇਕੱਲੀ...ਜੰਗਲ ਦਾ ਸੱਚ ਕਹਿਣ ਲਈ...[7]

ਦਰਸ਼ਨ ਬੁੱਟਰ ਨੇ ਆਪਣੇ ਕਾਵਿ ਸੰਗ੍ਰਿਹ 'ਅੱਕਾਂ ਦੀ ਕਵਿਤਾ' ਵਿੱਚ ਹਰ ਉਸ ਪੱਖ ਦਾ ਜਿਕਰ ਕਰਣ ਦਾ ਯਤਨ ਕੀਤਾ ਹੈ ਜਿਸ ਨੇ ਹਾਸ਼ੀਆਗਤ ਧਿਰ ਦੀ ਭੂਮਿਕਾ ਨਿਭਾਈ ਜਾ ਜਿਸ ਨੇ ਹਾਸ਼ੀਆਗਤ ਧਿਰਾਂ ਨੂੰ ਹਾਸ਼ੀਏ ਉੱਤੇ ਧੱਕਿਆ। ਉਨ੍ਹਾਂ ਵਿੱਚੋਂ ਇਕ ਰਾਜਨੀਤਕ ਪੱਖ ਵੀ ਹੈ ਜਿਸ ਨੇ ਹਾਸ਼ੀਆਗਤ ਧਿਰਾਂ ਨੂੰ ਸਦਾ ਆਪਣੇ ਲਾਭ ਲਈ ਵਰਤਣ ਦਾ ਯਤਨ ਕੀਤਾ ਹੈ। ਹਾਸ਼ੀਆਗਤ ਹੋਣਾ ਅਤੇ ਹਾਸ਼ੀਆਗਤ ਕਰਨਾ ਦੋਵੇਂ ਹੀ ਅਮਾਨਵੀ ਹਨ। ਹਾਸ਼ੀਆਗਤ ਧਿਰਾਂ ਸੰਬੰਧੀ ਰਾਜਨੀਤਕ ਚੇਤਨਾ ਵੀਹਵੀਂ ਸਦੀ ਵਿੱਚ ਸਾਹਮਣੇ ਆਉਣ ਲਗਦੀ ਹੈ। ਪਿੰਡ ਦੀ ਸਰਪੰਚੀ ਤੋਂ ਵੱਡੇ ਔਹਦੇ ਤਕ ਹਰ ਪਾਸੇ ਹਾਸ਼ੀਆਗਤ ਧਿਰਾਂ ਤੋਂ ਲਾਭ ਚੁਕਿਆ ਜਾਂਦਾ ਹੈ। ਕਦੇ ਰਿਜਰਵੇਸ਼ਨ ਦੇ ਨਾਂ ਤੇ ਅਤੇ ਕਦੇ ਸੱਤਾ ਦਾ ਲਾਲਚ ਦੇ ਕੇ ਸੱਤਾਧਾਰੀ ਧਿਰ ਹਾਸ਼ੀਆਗਤ ਧਿਰਾਂ ਦਾ ਲਾਭ ਲੈਂਦੇ ਹਨ। ਸੱਤਾਧਾਰੀ ਧਿਰ ਨੇ ਹਾਸ਼ੀਆਗਤ ਧਿਰਾਂ ਨੂੰ ਸਮਾਂ ਪੈਣ ਤੇ ਵਰਤਣ ਲਈ ਤੇ ਆਪਣੇ ਅਧੀਨ ਰੱਖਣ ਲਈ ਤਰ੍ਹਾਂ-ਤਰ੍ਹਾਂ ਦੇ ਪ੍ਰਲੋਭਣ ਦਿੱਤੇ ਹੋਏ ਹਨ। ਇਹ ਬਰਤਾਅ ਕੇਵਲ ਇਕ ਜਾਤ ਜਮਾਤ ਵਿੱਚ ਹੀ ਸੀਮਿਤ ਨਹੀਂ ਸਗੋਂ ਇਹ ਤਾਂ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ। ਵਿਕਸਿਤ ਦੇਸ਼ਾਂ ਦੇ ਸਾਹਮਣੇ ਵਿਕਾਸਸ਼ੀਲ ਦੇਸ਼ ਹਾਸ਼ੀਆਗਤ ਧਿਰ ਵਜੋਂ ਪੇਸ਼ ਹੁੰਦੇ ਹਨ। ਅਜਿਹਾ ਹੀ ਕੁੱਝ ਦਰਸ਼ਨ ਬੁੱਟਰ ਦੀ ਕਵਿਤਾ 'ਵਾਈਟ ਹਾਉਸ' ਬਿਆਨ ਕਰਦੀ ਹੈ ਜਿਵੇਂ-

ਜਦੋਂ ਉਸ ਨੇ ਐਟਮੀ ਬੰਬ ਸੁੱਟੇ
ਧੜਕਦੇ ਸ਼ਹਿਰ ਉੱਤੇ
ਤਾਂ ਕੰਬ ਗਈ ਸੀ ਧਰਤ ਸਾਰੀ
ਫੈਲ ਗਿਆ ਸੀ ਦੂਰ ਤੱਕ
ਮੌਤ ਦਾ ਸੰਨਾਟਾ
ਪਰ ਜਦ ਉਸ ਨੇ
ਰੁੱਤਾਂ ਨੂੰ ਹਵਸ ਦੀ ਬੁਰਕੀ ਪਾ ਕੇ
ਸਾਡੇ ਉੱਤੇ ਕਾਤਲੀ ਮੁਸਕਾਨ ਸੁੱਟੀ
ਮਚਲਦੀ ਸੰਵੇਦਨਾ ਤੇ
ਚਤੁਰਾਈ ਦਾ ਬਰੀਕ ਜਾਲ ਪਾਇਆ
ਸੁਰਖ ਲਹੂ ਦੇ ਲਿਫਾਫੇ ਉੱਤੇ
'ਸਫੈਦ ਘਰ' ਦਾ ਸਿਰਨਾਵਾਂ ਲਿਖਿਆ
ਤਾਂ ਕਿਧਰੇ ਵੀ ਚੀਕ ਪੁਕਾਰ ਨਾ ਹੋਈ [8]

ਕੁੱਝ ਇਸੇ ਤਰ੍ਹਾਂ ਹੀ ਦਰਸ਼ਨ ਬੁੱਟਰ ਮਾਂ ਬੋਲੀ ਪੰਜਾਬੀ ਦੀ ਸਲਾਮਤੀ ਦੀ ਦੁਆ ਮੰਗਦਾ ਹੋਇਆ ਉਸ ਦੀ ਅਜੋਕੀ ਸਥਿਤੀ ਲਈ ਫਿਕਰਮੰਦ ਨਜਰ ਆਉਂਦਾ ਹੈ। ਕਿਤੇ ਨਾ ਕਿਤੇ ਪੰਜਾਬੀ ਬੋਲੀ ਨੂੰ ਵੀ ਅਜੋਕੇ ਸਮੇਂ ਵਿੱਚ ਹਾਸ਼ੀਏ ਤੇ ਧੱਕਣ ਦਾ ਯਤਨ ਕੀਤਾ ਜਾ ਰਿਹਾ ਹੈ। ਸਮੇਂ ਦੇ ਹਾਣ ਦਾ ਹੋ ਚਲਣ ਵਿੱਚ ਕੋਈ ਹਰਜ਼ ਨਹੀਂ ਹੁੰਦਾ ਦੂਜੀ ਕਿਸੇ ਭਾਸ਼ਾ ਨੂੰ ਅਪਨਾਉਣਾ ਗਲਤ ਨਹੀਂ, ਪਰੰਤੂ ਅੰਗ੍ਰੇਜੀਅਤ ਨਾਲ ਜੁੜ ਕੇ ਪੰਜਾਬੀਅਤ ਤੋਂ ਵਿਹੂਣੇ ਹੋ ਜਾਣਾ ਨਾਗਵਾਰਾ ਜਰੂਰ ਹੈ। ਇਸ ਸੰਦਰਭ ਵਿੱਚ ਦਰਸ਼ਨ ਬੁੱਟਰ ਲਿਖਦਾ ਹੈ-

'ਊੜੇ' ਦੀ ਉਂਗਲੀ ਛੱਡ ਚੁੱਕੇ
ਮੇਲੇ ਚ ਗੁਆਚੇ ਬਾਲ
ਮਾਵਾਂ ਨੂੰ ਮੁੜ ਨਹੀਂ ਲੱਭਦੇ
'ਈੜੀ' ਦੇ ਨਿੰਦਕ
ਮਹਿਲੀਂ ਵਸਦੇ ਵੀ
ਰੂੜੀਆਂ ਚ ਰੁਲ਼ ਜਾਂਦੇ [9]

ਦਰਸ਼ਨ ਬੁੱਟਰ ਨੇ ਆਪਣੇ ਕਾਵਿ ਸੰਗ੍ਰਿਹ ਵਿੱਚ ਹਾਸ਼ੀਆਗਤ ਧਿਰਾਂ ਦੇ ਹਰ ਪੱਖ ਤੇ ਜਿਕਰ ਕਰਦਿਆਂ ਆਪਣੇ ਅਖੀਰ ਵਿੱਚ ਇਹ ਜਾਹਿਰ ਕੀਤਾ ਕਿ ਉਹ, ਉਹ ਕਵਿਤਾ ਤਾਂ ਲਿਖ ਹੀ ਨਹੀ ਸਕਿਆ ਜਿਸ ਨੂੰ ਲਿਖਣਾ ਉਹ ਲੋਚਦਾ ਹੈ। ਉਸ ਨੇ ਆਪਣੇ ਕਾਵਿ ਸੰਗ੍ਰਿਹ ਵਿੱਚ ਉਨ੍ਹਾਂ ਲੋਕਾਂ ਦੇ ਦਰਦ ਨੂੰ ਬਿਆਨ ਕਰਨ ਦਾ ਯਤਨ ਕੀਤਾ ਜਿਨ੍ਹਾਂ ਬਾਰੇ ਕੋਈ ਜਿਕਰ ਕਰਨਾ ਹੀ ਨਹੀਂ ਚਾਹੁੰਦਾ। ਉਹ ਅਜਿਹੀ ਕਵਿਤਾ ਲਿਖਣੀ ਲੋਚਦਾ

ਹੈ ਜੋ ਉਸ ਸਮਾਜ ਦੀ ਹੋਵੇ ਜਿਸ ਵਿੱਚ ਮੁਹੱਬਤ, ਰੱਜ, ਤ੍ਰਿਪਤੀ ਹੋਵੇ। ਸਾਹਿਤਕਾਰ ਅੰਦਰ ਇਕ ਵੱਖਰੇ ਤਰ੍ਹਾਂ ਦਾ ਨੇਤਰ ਹੁੰਦਾ ਹੈ ਜੋ ਉਚ ਨੀਚ ਨਹੀਂ ਵੇਖ ਸਕਦਾ, ਉਹ ਅਜਿਹੇ ਸਮਾਜ ਦੀ ਸਿਰਜਨਾ ਕਰਨਾ ਲੋਚਦਾ ਹੈ ਜੋ ਜਾਤ- ਪਾਤ, ਉਚ-ਨੀਚ ਸਭ ਤੋਂ ਵਿਹੁਣਾ ਹੋਵੇ। ਅਜਿਹੀ ਕਲਪਨਾ ਕਰਦਾ ਦਰਸ਼ਨ ਬੁੱਟਰ ਆਪਣੇ ਕਾਵਿ ਸੰਗ੍ਰਹਿ ਦੀ ਅੰਤਿਮ ਕਵਿਤਾ ਵਿੱਚ ਲਿਖਦਾ ਹੈ-

ਜਿਸ ਵਿੱਚ ਮਿੱਟੀ ਦੇ ਅਰਥ
'ਮੁਹੱਬਤ' ਹੋਣ
ਦਾਣਿਆ ਦਾ ਮਤਲਬ 'ਰੱਜ' ਹੋਵੇ
ਪਾਣੀਆਂ ਦੇ ਮਾਇਨੇ... 'ਤ੍ਰਿਪਤੀ'
ਲਿਖਣੀ ਹੈ
ਅਜੇ ਮੈਂ ਉਹ ਕਵਿਤਾ...
ਜਾ ਫਿਰ
ਲਿਖਣਾ ਪੈ ਰਿਹੈ ਮੈਨੂੰ
ਉਹ ਸਭ ਕੁੱਝ
ਜੋ ਮੈਂ ਨਹੀਂ ਲਿਖਣਾ ਚਾਹੁੰਦਾ
ਉਹ ਕਵਿਤਾ ਤਾਂ ਅਜੇ ਮੈਂ ਲਿਖਣੀ ਹੈ... ... ...[10]

### 2.0 ਹਵਾਲੇ

1. ਦਰਸ਼ਨ ਬੁੱਟਰ, ਅੱਕਾਂ ਦੀ ਕਵਿਤਾ, ਪੰਨਾ 11.
2. ਮਹਿਲ ਸਿੰਘ ਕੰਵਲਪ੍ਰੀਤ ਕੌਰ(ਸੰਪਾ), ਦਲਿਤ ਸਰੋਕਾਰ ਸਿਧਾਂਤ ਤੇ ਵਿਹਾਰ, ਪੰਨਾ 43.
3. ਦਰਸ਼ਨ ਬੁੱਟਰ, ਅੱਕਾਂ ਦੀ ਕਵਿਤਾ, ਪੰਨਾ 16-17.
4. ਦਰਸ਼ਨ ਬੁੱਟਰ, ਅੱਕਾਂ ਦੀ ਕਵਿਤਾ, ਪੰਨਾ 28-29.
5. ਉਹੀ ਪੰਨਾ 32-33.
6. ਉਹੀ ਪੰਨਾ 26.
7. ਉਹੀ ਪੰਨਾ 77.
8. ਉਹੀ ਪੰਨਾ 80.
9. ਉਹੀ ਪੰਨਾ 42.
10. ਉਹੀ ਪੰਨਾ 103.

*Journal of Punjabi Insights (JPI)* *Vol. 1 Issue I (Jan-March 2025)*

*Website: www. punjabiinsights.in ISSN: 31074286 (online)* **Pages 25-31**

# ਅਜੋਕੀ ਨਾਰੀ ਕਵਿਤਾ ਵਿੱਚ ਪੇਸ਼ ਸੰਵਾਦ ਦਾ ਵਿਚਾਰਧਾਰਾਈ ਅਧਿਐਨ

**Dr.Parveen Kumar**
Assistant Professor
Department of Punjabi, USOL, Panjab University, Chandigarh.
**Email-id**: parveenk@pu.ac.in

**ਅਬਸਟ੍ਰੈਕਟ :-** ਸਾਹਿਤ ਮਨੁੱਖੀ ਜੀਵਨ ਤੇ ਸਮਾਜ ਦੇ ਗਹਿਰੇ ਤੇ ਗੁੰਝਲਦਾਰ ਸੰਬੰਧਾਂ ਦੀ ਪੜਚੋਲ ਤੇ ਵਿਆਖਿਆ ਕਰਦਾ ਹੈ। ਅਜੋਕੇ ਸਮੇਂ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਪੰਜਾਬੀ ਕਵਿੱਤਰੀਆਂ ਨੇ ਹੂਬਹੂ ਆਪਣੇ ਕਾਵਿ ਰਾਹੀਂ ਸਮਾਜ ਨੂੰ ਚੇਤਨਤਾ ਪ੍ਰਦਾਨ ਕਰਦੀਆਂ ਹਨ। ਕਵਿੱਤਰੀਆਂ ਰਾਜ ਅਤੇ ਮੁਲਕ ਦੀਆਂ ਸਰਹੱਦਾਂ ਉਲੰਘ ਕੇ ਵਿਸ਼ਵ ਭਾਈਚਾਰੇ ਦੀ ਵੇਦਨਾ ਨੂੰ, ਮਨੁੱਖ ਤੇ ਹੋ ਰਹੇ ਸ਼ੋਸ਼ਣ ਨੂੰ, ਸਾਮਰਾਜੀ ਸ਼ਕਤੀਆਂ ਨੂੰ, ਧਰਮ ਦੇ ਨਾਂ ਤੇ ਕੀਤੇ ਜਾ ਰਹੇ ਜ਼ਬਰਜ਼ੁਲਮ ਨੂੰ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਹੈ। ਪੂੰਜੀਵਾਦੀ ਢਾਂਚੇ ਵਿੱਚ ਬਹੁਤ ਡੂੰਘੀਆਂ ਚੁਨੌਤੀਆਂ ਵੀ ਨਾਰੀ ਦੇ ਸਫ਼ਰ ◌ੇਚ ਕੰਡੇ ਬਣ ਕੇ ਬਿਖਰੀਆਂ ਪਈਆਂ ਹਨ। ਸਮੁੱਚੇ ਨਾਰੀ ਕਾਵਿ ਨੇ ਸਮਾਜਿਕ, ਰਾਜਸੀ, ਧਾਰਮਿਕ ਅਤੇ ਆਰਥਿਕ ਸਰੋਕਾਰਾਂ ਨੂੰ ਆਪਣੇ ਕਾਵਿ ਰਾਹੀਂ ਆਮ ਜਨ ਨੂੰ ਸੁਚੇਤ ਅਤੇ ਚੇਤੰਨ ਰੱਖਣਾ ਨਾਰੀ ਕਾਵਿ ਦਾ ਮਨੋਰਥ ਜਾਪਦਾ ਹੈ।

**ਕੁੰਜੀ ਸ਼ਬਦ :** ਚੇਤਨਾ, ਸਮਾਜਿਕ, ਸਭਿਆਚਾਰਕ ਤਣਾਉ, ਭੂਗੋਲਿਕ, ਅਨੁਸ਼ਾਸਨ, ਅਹਿਸਾਸ, ਰਿਸ਼ਤਿਆਂ ਦਾ ਸਮੀਕਰਣ, ਰਾਜਨੀਤਕ, ਪੰਜਾਬੀ ਕਵਿਤਾ, ਨਾਰੀ ਕਾਵਿ, ਜਾਗਰੁਕ।

## 1.0 ਪ੍ਰਸਤਾਵਨਾ

ਆਧੁਨਿਕ ਪੰਜਾਬੀ ਸਾਹਿਤ ਵਿੱਚ ਆਧੁਨਿਕ ਪੰਜਾਬੀ ਕਵਿਤਾ ਇੱਕ ਪ੍ਰਮੁੱਖ ਵਿਧਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ। ਪੱਛਮੀ ਸਾਹਿਤ ਦਾ ਅਧਿਐਨ ਕਰਨ ਨਾਲ ਪੰਜਾਬੀ ਸਾਹਿਤਕਾਰਾਂ ਨੇ ਇਹ ਮਹਿਸੂਸ ਕੀਤਾ ਕਿ ਆਧੁਨਿਕ ਸੋਚ ਅਤੇ ਰਿਸ਼ਤਿਆਂ ਦੇ ਪ੍ਰਗਟਾਵੇ ਲਈ ਪੱਛਮੀ ਕਾਵਿ ਨਾਵਲ ਅਤੇ ਨਾਟਕ ਆਦਿ ਵਧੇਰੇ ਅਨੁਕੂਲ ਅਤੇ ਉਚਿਤ ਹਨ। ਭਾਈ ਵੀਰ ਸਿੰਘ ਨੇ ਆਧੁਨਿਕ ਪੰਜਾਬੀ ਕਾਵਿ ਦਾ ਅਰੰਭ ਕੀਤੀ ਅਤੇ ਉਸ ਦੇ ਸਮਾਨੰਤਰ ਧਨੀ ਰਾਮ ਚਾਤ੍ਰਿਕ ਅਤੇ ਪ੍ਰੋ. ਪੂਰਨ ਸਿੰਘ ਨੇ ਵੀ ਆਧੁਨਿਕ ਕਾਵਿ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਤਰ੍ਹਾਂ ਵੀਹਵੀਂ ਸਦੀ ਤੋਂ ਆਧੁਨਿਕਤਾ ਕਵਿਤਾ ਦਾ ਨਿਕਾਸ ਤੋਂ ਵਿਕਾਸ ਕਰਦੀ ਹੋਈ ਅਜੋਕੇ ਸਮੇਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੱਕ ਪਹੁੰਚੀ ਹੈ। ਇਸ ਕਵਿਤਾ ਦੇ ਉਸ ਵਿਕਾਸ ਵਿੱਚ ਪੁਰਸ਼ ਸਾਹਿਤਕਾਰਾਂ ਦੇ ਨਾਲ-ਨਾਲ ਇਸਤਰੀ ਸਾਹਿਤਕਾਰਾਂ ਨੇ ਵੀ ਆਪਣਾ ਸ਼ਲਾਘਾਯੋਗ ਸਾਥ ਨਿਭਾਇਆ ਹੈ। ਇਨ੍ਹਾਂ ਕਵਿੱਤਰੀਆਂ ਵਿਚ ਸੁਖਵਿੰਦਰ ਅੰਮ੍ਰਿਤ, ਨੀਤੂ ਅਰੋੜਾ, ਸ਼ਸ਼ੀ ਸਮੁੰਦਰਾ, ਅਰਤਿੰਦਰ ਸੰਧੂ, ਸੁਰਿੰਦਰ ਕੌਰ ਚਾਹਲ ਆਦਿ ਕਵਿੱਤਰੀਆਂ ਨੇ ਪੰਜਾਬੀ ਕਾਵਿ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਕੇ ਆਮ ਜਨ ਨੂੰ ਜਾਗਰੁਕ ਕੀਤਾ ਹੈ।

ਅਜੋਕੇ ਸਮੇਂ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਕਵਿੱਤਰੀ ਵਨੀਤਾ ਨੇ ਹੂ-ਬ-ਹੂ ਆਪਣੀ ਸ਼ਬਦਾਵਲੀ ਦੇ ਮਾਧਿਅਮ ਰਾਹੀਂ ਅਨੁਭਵ ਅਭਿਵਿਅਕਤ ਕੀਤਾ ਹੈ, ਜਿਵੇਂ ਕਵਿੱਤਰੀ ਸਮਾਜ ਨੂੰ ਚਿੰਤਨਸ਼ੀਲ ਬਣਨ ਲਈ ਪ੍ਰੇਰਦੀ ਨਜ਼ਰ ਆਉਂਦੀ ਹੈ :

ਜਦੋਂ ਬਾਤਾਂ ਵਿਚ
ਜਜ਼ਬਾਤਾਂ ਵਿਚ
ਅੱਖਾਂ ਵਿਚ
ਹੰਝਾਂ ਵਿਚ
ਮਗਰਮੱਛ ਆਣ ਵੱਸੇ
ਤਾਂ ਮਗਰਮੱਛ ਹੈਰਾਨ ਪਰੇਸ਼ਾਨ
ਸਾਗਰ ਕੰਢੇ ਬੈਠੇ ਸੋਚਦੇ
ਕਿ ਉਨ੍ਹਾਂ ਦੇ ਨਾਂ ਤੇ ਮਨੁੱਖ ਮੁਨਾਫ਼ਾ ਕਮਾ ਰਹੇ
ਤੇ ਉਹ ਆਪ ਮਗਰਮੱਛ ਦੀ ਜੂਨ ਹੰਢਾ ਰਹੇ

(ਕਾਲ ਪਹਿਰ ਘੜੀਆਂ, 98)

ਉਪਰੋਕਤ ਸਤਰਾਂ ਰਾਹੀਂ ਕਵਿੱਤਰੀ ਸਮਾਜ ਦੀ ਸਥਿਤੀ ਤੋਂ ਜਾਣੂ ਕਰਵਾਉਂਦੀ ਨਜ਼ਰ ਆ ਰਹੀ ਹੈ। ਸਮਾਜ ਵਿੱਚ ਔਰਤ ਦੀ ਸਥਿਤੀ ਲਈ ਚਾਹੇ ਲੋਕ ਦਿਖਾਵੇ ਲਈ ਔਰਤਾਂ ਦਾ ਦਿਨ ਮਨਾਇਆ ਜਾਂਦਾ ਹੈ। ਉਦਘਾਟਨ, ਭਾਸ਼ਣ ਦੇ ਸਮਾਗਮ ਕੀਤਾ ਜਾਂਦੇ ਹਨ, ਪਰ ਅਖ਼ਬਾਰਾਂ ਹਰ ਰੋਜ਼ ਔਰਤ ਦੀ ਅਜੋਕੀ ਸਥਿਤੀ ਨੂੰ ਬਿਆਨ ਕਰਦੀਆਂ ਨਜ਼ਰ ਆਉਂਦੀਆਂ ਹਨ। ਸਮਕਾਲੀ ਸਥਿਤੀ ਤੋਂ ਕਵਿੱਤਰੀ ਜਾਣੂ ਹੋਣ ਕਾਰਨ ਸਮਾਜ ਵਿੱਚ ਵਾਪਰ ਰਹੀ ਘਟਨਾ ਨੂੰ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਪਾਠਕਾਂ ਨੂੰ ਚੇਤਨਤਾ ਪ੍ਰਦਾਨ ਕਰਦੀਆਂ ਹਨ।

ਦਲਿਤ ਅਤੇ ਨਸਲੀ ਖਿੱਚੋਤਾਣ ਗੰਭੀਰ ਵਿਸ਼ਾ ਹੈ। ਭਾਰਤ ਵਿੱਚ ਤਿੰਨ ਪ੍ਰਕਾਰ ਦੀਆਂ ਨਸਲਾਂ ਨੂੰ ਪ੍ਰਮੁੱਖ ਤੌਰ 'ਤੇ ਵੇਖਿਆ ਜਾ ਸਕਦਾ ਹੈ – ਉੱਚ ਜਾਤੀ, ਪਛੜੀ ਜਾਤੀ ਅਤੇ ਅਤਿ ਪਛੜੀ। ਸਮਾਜ ਜਾਤੀ ਦੇ ਨਾਂ ਹੇਠ ਆਪਸੀ ਬੁੱਕਲ ਵਿੱਚ ਇੱਕ ਦੂਜੇ ਪ੍ਰਤੀ ਨਫ਼ਰਤ ਸਾਂਭੀ ਬੈਠੇ ਹਨ। ਸ੍ਰੇਸ਼ਠ ਜਾਤੀਆਂ ਆਪਣੇ ਤੋਂ ਹੇਠਲੀ ਸਾਰੀ ਜਾਤੀਆਂ ਨੂੰ ਮਨੁੱਖ ਮੰਨਣ ਲਈ ਵੀ ਤਿਆਰ ਨਹੀਂ ਹਨ। ਦੂਜੇ ਪਾਸੇ ਪਛੜੀ ਜਾਤੀ, ਅਤਿ ਪਛੜੀ ਜਾਤੀ ਨੂੰ ਘੋਰ ਘਿਰਨਾ ਨਾਲ ਦੇਖਿਆ ਜਾਂਦਾ ਹੈ। ਭਾਰਤੀ ਸਮਾਜ ਦੀ ਜਾਤੀਗਤ ਬਣਤਰ ਬਾਰੇ ਡਾ. ਭੀਮ ਰਾਓ ਅੰਬੇਡਕਰ ਲਿਖਦੇ ਹਨ :

''ਹਿੰਦੂ ਸਮਾਜ ਇੱਕ ਬਹੁ-ਮੰਜਲੀ ਇਮਾਰਤ ਦੀ ਤਰ੍ਹਾਂ ਹੈ ਜਿਸ ਵਿੱਚ ਹਰ ਜਾਤੀ ਇਸ ਮੀਨਾਰ ਦੀ ਇੱਕ ਮੰਜ਼ਿਲ ਹੈ। ਧਿਆਨ ਦੇਣ ਦੀ ਗੱਲ ਇਹ ਹੈ ਕਿ ਇਸ ਮੀਨਾਰ ਤੋਂ ਬਾਹਰ ਨਿਕਲਣ ਲਈ ਪੌੜੀਆਂ ਨਹੀਂ ਹਨ। ਇੱਕ ਮੰਜ਼ਿਲ ਤੋਂ ਦੂਸਰੀ ਮੰਜ਼ਿਲ ਵਿੱਚ ਆਉਣ ਜਾਣ ਲਈ ਕੋਈ ਰਾਹ ਨਹੀਂ ਹੈ, ਜੋ ਜਿਸ ਮੰਜ਼ਿਲ ਵਿੱਚ ਜਨਮ ਲੈਂਦਾ ਹੈ ਉਸ ਮੰਜ਼ਿਲ ਵਿੱਚ ਹੀ ਮਰਦਾ ਹੈ।''

(ਪੰਜਾਬੀ ਕਹਾਣੀ ਵਿੱਚ ਦਲਿਤ ਸਰੋਕਾਰ, 13)

ਜਾਤ ਪ੍ਰਣਾਲੀ ਦੀ ਉਤਪਤੀ ਲਈ ਨਸਲੀ ਸਿਧਾਂਤ ਨੂੰ ਅਨੇਕ ਵਿਦਵਾਨਾਂ ਜਿਵੇਂ ਹਰਬਰਟ, ਹਿਜਲੈ, ਮੈਕਾਈਵਰ, ਮੈਨਕ ਵੈਬਰ, ਕਰੋਬਰ ਆਦਿ ਨੇ ਇਹ ਮੰਨਿਆ ਹੈ ਕਿ ਜਾਤ ਪ੍ਰਣਾਲੀ ਦੀ ਉਤਪਤੀ ਇੰਡੋ-ਆਰੀਆ, ਲੋਕਾਂ ਦੇ ਇੱਥੇ ਆਉਣ ਨਾਲ ਪੈਦਾ ਹੋਈ ਹੈ। ਸਮਕਾਲ ਵਿੱਚ ਦਲਿਤ ਚੇਤਨਾ ਦਾ ਨਾਰੀ ਕਾਵਿ ਵਿੱਚ ਅਹਿਮ ਅਤੇ ਮਹੱਤਵਪੂਰਨ ਵਿਸ਼ਾ ਹੈ। ਪੰਜਾਬੀ ਨਾਰੀ ਕਾਵਿ ਨੇ ਬਹੁਤ ਸੁਚੇਤ ਪੱਧਰ ਉੱਤੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਸ੍ਰੇਸ਼ਠ ਵਰਗ ਦੀਆਂ ਚਾਲਾਂ ਅਤੇ ਕੋਝੀ ਸਿਆਸਤਾਂ ਦਾ ਪਰਦਾਫਾਸ਼ ਕੀਤਾ ਹੈ। ਦਲਿਤ ਚੇਤਨਾ ਲਈ ਜਨ-ਚੇਤਨਾ ਪੈਦਾ ਕਰਕੇ ਨਾਰੀ ਕਾਵਿ ਨੇ ਆਪਣੀ ਸਮਰੱਥਾ ਜੱਗ-ਜ਼ਾਹਿਰ ਕੀਤੀ ਹੈ। ਦਲਿਤ ਸਾਹਿਤ ਨੂੰ ਮਾਰਕਸਵਾਦ ਅਤੇ ਅੰਬੇਡਕਰਵਾਦ ਦੋਨਾਂ ਹੀ ਵਿਚਾਰਧਾਰਾਵਾਂ ਤੋਂ ਪ੍ਰੇਰਨਾ ਮਿਲਦੀ ਹੈ।

ਸੁਖਵਿੰਦਰ ਅੰਮ੍ਰਿਤ ਨੇ ਗ਼ਜ਼ਲ, ਗੀਤ ਅਤੇ ਖੁੱਲ੍ਹੀ ਕਵਿਤਾ ਦੇ ਕਾਵਿ-ਰੂਪਾਂ ਤੋਂ ਪੰਜਾਬੀ ਕਵਿਤਾ ਵਿੱਚ ਆਪਣੀ ਇੱਕ ਨਵੀਂ ਪਛਾਣ ਸਥਾਪਿਤ ਕੀਤੀ ਹੈ। ਦਲਿਤ ਅਤੇ ਨਸਲੀ ਵਿਤਕਰਿਆਂ ਨੂੰ ਕਾਵਿ ਬੱਧ ਕਰਦੇ ਹੋਏ ਉਸ ਨੇ ਸਮਕਾਲੀ ਸਮਾਜ ਵਿੱਚ ਖ਼ੂਨ ਦੇ ਰਿਸ਼ਤਿਆਂ ਵਿੱਚ ਆਈ ਬੇਭਰੋਸਗੀ, ਰਿਸ਼ਤਿਆਂ ਦੇ ਤਾਰ-ਤਾਰ ਹੋਣ ਨੂੰ ਅਤੇ ਅਸੁਰੱਖਿਆ ਦੇ ਇਸ ਮਾਹੌਲ ਨੂੰ ਆਪਣੀ ਕਵਿਤਾ ''ਅਸੁਰੱਖਿਅਤ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ :

''ਔਰਤ ਭਾਲਦੀ ਹੈ ਸੁਰੱਖਿਆ
ਆਪਣੇ ਪਿਤਾ, ਭਾਈ, ਪੁੱਤਰ
ਪਤੀ ਅਤੇ ਪ੍ਰੇਮੀ ਕੋਲੋਂ
ਹੁਣ ਤਾਂ ਹੋਰ ਵੀ ਡਰਾਉਣਾ
ਹੋ ਗਿਆ ਹੈ ਪੁਰਸ਼
ਕਿ ਔਰਤ ਡਰਨ ਲੱਗੀ ਹੈ
ਆਪਣੇ ਹੀ ਪਿਤਾ, ਭਾਈ, ਪੁੱਤਰ,
ਪਤੀ ਅਤੇ ਪ੍ਰੇਮੀ ਕੋਲੋਂ।''

(ਧੁੱਪ ਦੀ ਚੁੰਨੀ, 28)

ਪੂੰਜੀਵਾਦੀ ਵਿਵਸਥਾ ਰੂਪੀ ਇਲ੍ਹ ਦੇ ਪੰਜੇ ਵਿੱਚ ਮਜ਼ਦੂਰ/ਗ਼ਰੀਬ ਨਿੱਕੇ ਬੋਟ ਦੀ ਤਰ੍ਹਾਂ ਤੜਫ ਰਿਹਾ ਹੈ। ਇਹ ਗ਼ਰੀਬ ਮਜ਼ਦੂਰ ਦੀ ਸਥਿਤੀ ਅਜਿਹੀ ਹੈ ਜੇ ਉਹ ਇਸ ਪੰਜੇ ਤੋਂ ਆਜ਼ਾਦ ਹੋ ਵੀ ਗਿਆ ਤਾਂ ਰੋਟੀ ਦਾ ਸੁਆਲ, ਜੀਵਨ ਨਿਰਵਾਹ ਦੀਆਂ ਲੋੜਾਂ ਉਸ ਨੂੰ ਪਤਾ ਨਹੀਂ ਇੱਕ ਪਥਰੀਲੀ ਜ਼ਮੀਨ ਵਿੱਚ ਸੁੱਟ ਦੇਣਗੀਆਂ ਜਿਸ ਕਾਰਨ ਕਾਰਖ਼ਾਨਾ ਮਜ਼ਦੂਰ ਦੀ ਹਾਲਤ 'ਤੇ ਹਾਲਾਤ ਅੱਗੇ ਖੂਹ ਪਿੱਛੇ ਖਾਈ ਵਾਲੇ ਹੋ ਗਏ ਹਨ। ਸੁਖਵਿੰਦਰ ਅੰਮ੍ਰਿਤ ਸਮਕਾਲੀ ਸਥਿਤੀ ਵਿੱਚ ਦਲਿਤ ਵਰਗ ਨੂੰ ਇਸ ਢੰਗ ਨਾਲ ਬਿਆਨ ਕਰ ਰਹੀ ਹੈ ਕਿ ਅਜੋਕਾ ਮਨੁੱਖ ਬੇਬਸ, ਲਾਚਾਰ

ਸਥਿਤੀ ਵਿੱਚ ਫਸਿਆ ਹੋਇਆ ਹੈ ਅਤੇ ਉਸ ਨੂੰ ਆਪਣੀਆਂ ਇਨ੍ਹਾਂ ਕਾਵਿ ਸਤਰਾਂ ਦੇ ਮਾਧਿਅਮ ਰਾਹੀਂ ਨਵੀਂ ਚੇਤਨਤਾ ਪ੍ਰੇਰਦੀ ਨਜ਼ਰ ਆ ਰਹੀ ਹੈ:

''ਇੱਲ੍ਹ ਦੇ ਪੰਜ ਚੋਂ
ਬੋਟ ਛੁੱਟ ਵੀ ਜਾਂਦਾ ਤਾ
ਕਿਹੜਾ ਉਸ ਨੂੰ
ਆਲ੍ਹਣਾ ਮਿਲ ਜਾਣਾ ਸੀ।''

(ਧੁੱਪ ਦੀ ਚੁੰਨੀ, 50)

ਸਮਕਾਲੀ ਪੰਜਾਬੀ ਕਵਿੱਤਰੀਆਂ ਨੇ ਲਿੰਗ ਬਰਾਬਰਤਾ ਦੇ ਹੱਕ ਨੂੰ ਇੱਕ ਨਵੀਂ ਵਿਸ਼ਵ ਜਨ-ਚੇਤਨਾ ਦੇ ਰੂਪ ਵਿੱਚ ਜੀਵਨ ਦੇ ਹਰ ਖੇਤਰ ਨੂੰ ਆਪਣੀ ਕਾਵਿਕ ਦ੍ਰਿਸ਼ਟੀ ਨਾਲ ਪ੍ਰਕਾਸ਼ਮਾਨ ਕੀਤਾ ਹੈ। ਇੱਕੀਵੀਂ ਸਦੀ ਨੂੰ 'ਨਾਰੀ ਯੁੱਗ' ਕਿਹਾ ਜਾਂਦਾ ਹੈ। ਸਮਕਾਲੀ ਔਰਤ ਸਮਾਜਿਕ ਬੰਧਨਾਂ ਨੂੰ ਤੋੜ ਕੇ ਪੁਰਸ਼ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੀਵਨ ਦੇ ਹਰ ਖੇਤਰ ਵਿੱਚ ਵਿਚਰ ਰਹੀ ਹੈ। ਲਿੰਗ ਬਰਾਬਰੀ ਦਾ ਅਸਲ ਮਸਲਾ ਕਿਰਤ ਦੀ ਲਿੰਗਵਾਦੀ ਵੰਡ ਨਾਲ ਜੁੜਿਆ ਹੋਇਆ ਹੈ। ਮਹਾਨ ਲੇਖਿਕਾ ਨਿਵੇਦਿਤਾ ਮੈਨਨ ਲਿਖਦੀ ਹੈ ਕਿ :

> ''ਕਿਰਤ ਦੀ ਲਿੰਗਵਾਦੀ ਵੰਡ ਵਿੱਚ ਕੁਝ ਵੀ 'ਕੁਦਰਤੀ' ਨਹੀਂ ਹੈ। ਇਸ ਤੱਥ ਦਾ ਸਾਡੇ ਜਿਸਮ ਦੀ ਬਣਤਰ ਨਾਲ ਕੋਈ ਰਿਸ਼ਤਾ ਨਹੀਂ ਕਿ ਮਰਦ ਅਤੇ ਔਰਤ ਘਰ ਅਤੇ ਬਾਹਰ ਵੱਖਰੇ-ਵੱਖਰੇ ਕੰਮ ਕਰਦੇ ਹਨ। ਗਰਭ ਧਾਰਨ ਦਾ ਕੰਮ ਹੀ ਜੈਵਿਕ ਹੈ। ਬੱਚਾ ਪੈਦਾ ਕਰਨ ਤੋਂ ਬਿਨਾਂ ਰਸੋਈ, ਸਫ਼ਾਈ, ਬੱਚੇ ਪਾਲਣ ਵਰਗੇ ਘਰੇਲੂ ਕਰੇ ਜਾਂਦੇ ਕੰਮ ਮਰਦ ਵੀ ਕਰ ਸਕਦਾ ਹੈ। ਇਨ੍ਹਾਂ ਕੰਮਾਂ ਨੂੰ 'ਜਨਾਨਾ' ਕੰਮ ਕਿਹਾ ਜਾਂਦਾ ਹੈ। ਕਿਰਤ ਦੀ ਲਿੰਗਵਾਦੀ ਵੰਡ ਘਰਾਂ ਤੋਂ ਬਾਹਰ ਹਰ ਖੇਤਰ ਵਿੱਚ ਕਾਇਮ ਰਹਿੰਦੀ ਹੈ। ਇਸ ਵਖਰੇਵੇਂ ਦੀ ਦਲੀਲ ਲਿੰਗ (ਜਿਸਮਾਨੀ ਬਣਤਰ ਜਾਂ ਜੈਵਿਕ) ਦੀ ਥਾਂ (ਲਿੰਗਵਾਦੀ) ਸੱਭਿਆਚਾਰ ਨਾਲ ਜੁੜੀ ਹੋਈ ਹੈ। ਕੁਝ ਕੰਮਾਂ ਨੂੰ ਜਨਾਨਾ ਜਾਂ ਮਰਦਾਨਾ ਕਰਾਰ ਦਿੱਤਾ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਔਰਤਾਂ ਜੋ ਵੀ ਕੰਮ ਕਰਦੀਆਂ ਹਨ ਉਸ ਦੀ ਉਜਰਤ ਘੱਟ ਦਿੱਤੀ ਜਾਂਦੀ ਹੈ। ਉਨ੍ਹਾਂ ਕੰਮਾਂ ਦਾ ਰੁਤਬਾ ਨੀਵਾਂ ਹੈ।''

(ਨਾਰੀਵਾਦ ਨਜ਼ਰੀਆ, 16)

ਜਦੋਂ ਵੀ ਕਿਸੇ 'ਜਨਾਨਾ' ਕੰਮ ਦੀ ਵਪਾਰਕ ਕੀਮਤ ਪੈਂਦੀ ਹੈ ਤਾਂ ਇਸ ਉੱਤੇ ਮਰਦਾਨਾ ਹੱਕ ਕਾਇਮ ਹੋ ਜਾਂਦਾ ਹੈ। ਮਿਸਾਲ ਵਜੋਂ ਅਸੀਂ ਦੇਖਦੇ ਹਾਂ ਕਿ ਦਿੱਲੀ ਤੋਂ ਨਿਊਯਾਰਕ ਤੱਕ ਵੱਡੇ ਹੋਟਲਾਂ ਵਿੱਚ ਮਰਦਾਂ ਦੀ ਸਰਦਾਰੀ ਕਾਇਮ ਹੈ। ਜਦੋਂ ਕਿ ਘਰੇਲੂ ਕੰਮ ਦੀ ਵਗਾਰ ਅਤੇ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ ਔਰਤਾਂ ਦੇ ਹਿੱਸੇ ਆਈਆਂ ਹਨ। ਇਸ ਕਾਰਨ ਸਾਫ਼ ਤੌਰ ਤੇ ਮੰਨਿਆ ਜਾ ਸਕਦਾ ਹੈ ਕਿ ਇਹ ਵੰਡ ਲਿੰਗ-ਬਰਾਬਰਤਾ ਅਨੁਸਾਰ ਠੀਕ ਨਹੀਂ ਹੈ।

ਭਾਰਤ ਵਿੱਚ ਔਰਤ ਨੂੰ ਆਪਣੇ ਵਿਅਕਤੀਤਵ ਦੀ ਪਹਿਚਾਣ ਬਣਾਉਣ ਲਈ ਜੂਝਣਾ ਪੈਂਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਨਾਰੀ ਨੇ ਆਪਣੀ ਕਾਬਲੀਅਤ ਸਿੱਧ ਕਰਨ ਦੀ ਕੋਸ਼ਿਸ਼ਾਂ ਕੀਤੀ ਹੈ, ਉਸ ਨੂੰ ਡੂੰਘਾ ਸੰਘਰਸ਼ ਕਰਨਾ ਪਿਆ ਹੈ। ਭਾਰਤੀ ਸੱਭਿਆਚਾਰ ਵਿੱਚ ਉਸ ਨੂੰ ਪਹਿਚਾਣ ਸਿਰਫ਼ ਇੱਕ ਧੀ, ਭੈਣ, ਪਤਨੀ, ਨੂੰਹ, ਮਾਂ ਤੇ ਸੱਸ ਦੇ ਰੂਪ ਵਿੱਚ ਹੀ ਮਿਲੀ ਹੈ। ਇਸ ਸੰਬੰਧੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਕਹਿੰਦੀ ਹੈ ਕਿ ਸਮਾਜ ਵਿੱਚ ਵੱਡੇ ਪਰਿਵਰਤਨ ਲਿਆਉਣ ਵਾਲਿਆਂ ਵਿੱਚ ਔਰਤਾਂ ਮੋਹਰੀ ਹੋ ਸਕਦੀਆਂ ਸਨ, ਜੇਕਰ ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰਤਾ ਦਾ ਹੱਕ ਮਿਲਦਾ।

ਇੱਕੀਵੀਂ ਸਦੀ ਦੀ ਹਰਿੰਦਰ ਕੌਰ ਨਾਰੀ ਕਾਵਿ ਨੂੰ ਇੱਕ ਨਵੀਂ ਦਿਸ਼ਾ, ਨਵੀਂ ਚੇਤਨਾ ਅਤੇ ਜਾਗ੍ਰਿਤੀ ਦੇਣ ਵਾਲੇ ਕਾਵਿ ਸੰਗ੍ਰਹਿ 'ਪਰਾਗਾ' ਰਾਹੀਂ ਆਪਣੀ ਇੱਕ ਅਲੱਗ ਛਾਪ ਛੱਡੀ ਹੈ। ਔਰਤ ਦੇ ਸੰਤਾਪ ਤੇ ਰੋਹ-ਰੋਸ ਨੂੰ ਕਾਵਿਕ ਅਭਿਵਿਅਕਤੀ ਦੇਣ ਤੋਂ ਛੁੱਟ ਆਧੁਨਿਕ ਪੰਜਾਬੀ ਕਵਿਤਾ ਵਿੱਚ ਇਸਤਰੀ ਅੰਦਰਲੀ ਜੂਝਣ ਵਾਲੀ ਸ਼ਕਤੀ ਦੀ ਪਹਿਚਾਣ ਵੀ ਪ੍ਰਾਪਤ ਹੈ। ਇਹ ਕਵਿਤਾ ਅਤ੍ਰਿਪਤੀ, ਅਪ੍ਰਾਪਤੀ, ਦੁੱਖ, ਵਿਯੋਗ, ਗਿਲੇ ਸ਼ਿਕਵੇ, ਉਦਾਸੀ ਆਦਿ ਵਿਭਿੰਨ ਸੁਰਾਂ ਤੋਂ ਅਲੱਗ ਹੋ ਕੇ ਠੋਸ ਧਰਾਤਲ ਪ੍ਰਾਪਤ ਕਰ ਲੈਂਦੀ ਹੈ। ਨਾਰੀ ਤੇ ਹੋ ਰਹੇ ਦਮਨ ਕਾਰਨ ਸਮਾਜ ਮੂਹਰੇ ਪ੍ਰਸ਼ਨ ਚਿੰਨ੍ਹ ਪੈਦਾ ਕਰਦੀ ਹੋਈ ਸਮੁੱਚੀ ਵਿਸ਼ਵ ਨੂੰ ਇਹ ਸਵਾਲ ਪੁੱਛਦੀ ਪ੍ਰਤੀਤ ਹੁੰਦੀ ਹੈ।

''ਕਦ ਤੱਕ
ਮੇਰੀ ਵੇਦਨਾ

ਦੇ ਬੋਲ
ਲੰਘ ਜਾਣਗੇ
ਅਣਸੁਣੇ ਬਣ ਕੇ
ਤੇਰੇ ਕੋਲ ਦੀ?
ਕਦ ਤੱਕ
ਹੋਵੇਗਾ
ਇਮਤਿਹਾਨ ਮੇਰਾ
ਸਮਾਜ ਦੇ ਹਾਲ ਵਿਚ
ਗੁਲਾਮੀ ਦੀ ਜਮਾਤ ਦਾ?''

(ਪਰਾਗਾ, 21)

ਕਵਿੱਤਰੀ 'ਸੁਰਿੰਦਰ ਕੌਰ ਚਾਹਲ' ਸਮਕਾਲੀ ਸਥਿਤੀ ਵਿੱਚ ਮਨੁੱਖੀ ਕਲਿਆਣ ਅਤੇ ਸਮਾਜਿਕ ਚੌਗਿਰਦੇ ਦੇ ਹੱਕ ਦੀ ਗੱਲ ਕਰਦੀ ਹੋਈ ਨਜ਼ਰ ਆਉਂਦੀ ਹੈ ਅਤੇ ਔਰਤ ਦੀ ਸਮਕਾਲੀ ਸਥਿਤੀ ਤੋਂ ਰੁ-ਬ-ਰੁ ਹੋ ਕੇ ਉਸ ਨੂੰ ਵਿਸ਼ਵ ਪੱਧਰ ਨਾਲ ਆਪਣੀ ਸਾਂਝ ਸਥਾਪਤ ਕਰਨ ਲਈ ਪ੍ਰੇਰਦੀ ਹੈ :

''ਪਿੱਠ ਵਿੱਚ ਨਿੱਕਾ ਬਾਲ ਬੰਨ੍ਹੀ
ਪਹਾੜਨ ਮਾਂ ਏਧਰ ਉਧਰ
ਕੰਮ ਕਰਦੀ
ਰੋਟੀਆਂ ਵੇਲਦੀ
ਬੱਚਾ ਹਿਲਦਾ
ਕਿਲਕਾਰੀਆਂ ਮਾਰਦਾ''

(ਭੌਣੀ, 18)

ਇਸੇ ਤਰ੍ਹਾਂ 'ਕਪਾਹ ਚੁਗਣੀਆਂ' ਕਵਿਤਾ ਵਿੱਚ ਕਵਿੱਤਰੀ ਨੇ ਛੋਟੀ ਕਿਰਸਾਨੀ ਦੇ ਸੰਕਟ ਨੂੰ ਅਤੇ ਕੁੜੀਆਂ ਦੇ ਜੀਵਨ ਬਸਰ ਨੂੰ ਬਹੁਤ ਯਥਾਰਥਕ ਢੰਗ ਨਾਲ ਉਜਾਗਰ ਕੀਤੀ ਹੈ। ਅੱਜ ਛੋਟੀ ਕਿਰਸਾਨੀ ਦਾ ਸੰਕਟ ਕਈ ਮੁਲਕਾਂ ਦਾ ਸਾਂਝਾ ਹੋ ਚੁੱਕਾ ਹੈ। ਭਾਰਤ ਦੀ ਰਾਜਧਾਨੀ ਵਿੱਚ ਚਲਦਾ ਅੰਦੋਲਨ ਛੋਟੀ ਕਿਰਸਾਨੀ ਦੁਆਰਾ ਆਪਣੇ ਹੱਕਾਂ ਦੀ ਲੜਾਈ ਦੀ ਪਛਾਣ ਵਿਸ਼ਵ ਪੱਧਰ ਤੱਕ ਸਥਾਪਿਤ ਕਰ ਚੁੱਕਾ ਹੈ।

ਜਿੱਥੇ ਭਾਰਤੀ ਮੀਡੀਆ ਰਾਸ਼ਟਰ ਨੂੰ ਆਉਣ ਵਾਲੇ ਸਮੇਂ ਵਿੱਚ ਇੱਕ ਮਹਾਂਸ਼ਕਤੀ ਦੇ ਰੂਪ ਵਿੱਚ ਪੇਸ਼ ਕਰ ਰਿਹਾ ਹੈ। ਉੱਥੇ ਹੀ ਦੇਸ਼ ਦੀ ਅਤਿ ਦੀ ਗ਼ਰੀਬੀ ਹਰ ਦਿਨ ਦਿਲ ਕੰਬਾਊ ਘਟਨਾਵਾਂ ਇਸ ਦਵੰਦਾਤਮਕ ਕੁਵੱਲੀ ਪਰਿਸਥਿਤੀਆਂ ਦੀ ਪੇਸ਼ਕਾਰੀ ਕਰਦੀਆਂ ਹਨ। ਵਿਸ਼ਵ ਵਿੱਚ ਮਜ਼ਦੂਰੀ ਦੇ ਕੁਝ ਆਯਾਮ ਇੰਨੇ ਸੰਕਟ ਭਰੇ ਹਨ। ਜਿਵੇਂ ਰੋਟੀ ਕਮਾਉਣਾ ਸੱਪ ਦੀ ਸਿਰੀ ਤੇ ਪੈਰ ਰੱਖਣਾ ਹੋਵੇ। ਅਜਿਹੀ ਪਰਿਸਥਿਤੀਆਂ ਵਾਲੇ ਰੁਜ਼ਗਾਰ 'ਤੇ ਗਏ ਪਰਿਵਾਰ ਵਾਲਿਆਂ ਦੀ ਚਿੰਤਾ ਨੂੰ ਕਵਿੱਤਰੀ ਸੁਰਿੰਦਰ ਚਾਹਲ ਨੇ ਬਹੁਤ ਖ਼ੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ।

''ਸਮੁੰਦਰ ਖੌਲ ਰਿਹੈ
ਮਛੇਰੇ ਦੀ ਪਤਨੀ ਤੇ ਬੱਚੇ ਡਰਦੇ
ਦੇਵੀ ਅੱਗੇ ਦੀਪ ਜਗਾਉਂਦੇ ਹਨ
ਸੰਧਿਆ ਦਾ, ਮਛੇਰੇ ਦੇ
ਸੁੱਖੀ ਸਾਂਦੀ ਘਰ ਪਰਤਨ ਦਾ
ਦੂਰ ਤੱਕ ਸਮੁੰਦਰ ਸੁੰਨਾ ਹੈ।''

(ਭੌਣੀ, 78)

ਲੋਕਤੰਤਰ ਮੁਲਕ ਅੰਦਰ ਸਰਕਾਰਾਂ ਚੁਣੀਆਂ ਤਾਂ ਆਮ ਜਨ ਦੁਆਰਾ ਜਾਂਦੀਆਂ ਹਨ ਪਰੰਤੂ ਇਹ ਸਰਕਾਰਾਂ ਹਮੇਸ਼ਾ ਹੀ ਆਪਣੇ ਭਾਈਵਾਲਾਂ, ਵਪਾਰੀਆਂ ਤੇ ਵਿਭਿੰਨ ਖੇਤਰਾਂ ਦੇ ਖ਼ਾਸ ਤਬਕੇ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਦੀਆਂ ਹਨ ਅਤੇ ਆਮ ਜਨ ਦੀ ਜੋ ਦੁਰਦਸ਼ਾ ਹੈ ਉਹ ਅੱਖੋਂ ਪਰੋਖੇ

ਨਹੀਂ ਕੀਤੀ ਜਾ ਸਕਦੀ। ਦਲਿਤ ਵਰਗ ਵਿੱਚ ਵਿਚਰ ਰਹੇ ਇਨਸਾਨਾਂ ਦੀ ਮਾੜੀ ਹਾਲਤ ਨੂੰ ਇੰਦਰਜੀਤ ਨੰਦਨ ਨੇ ਕੁੱਝ ਇਸ ਪ੍ਰਸੰਗ ਵਿੱਚ ਪੇਸ਼ ਕੀਤਾ ਹੈ :

''ਤਿੱਖੀ ਧੁੱਪ 'ਚ
ਰਿਕਸ਼ਾ ਚਲਾ ਰਿਹਾ ਬੁੱਢਾ
ਨੰਗੇ ਪੈਰੀਂ
ਚਾਹ ਫੜਾਕੇ ਆ ਰਿਹਾ ਮੁੰਡੂ
ਢੇਰ ਤੋਂ
ਅਧਨੰਗੀ ਔਰਤ ਚੁੱਕ ਰਹੀ ਲਿਫ਼ਾਫ਼ੇ।''

(ਕਵਿਤਾ ਦੇ ਮਾਰਫ਼ਤ, 36)

ਸਭਿਆਚਾਰ ਕਿਸੇ ਸਮਾਜ ਦੇ ਵਿਲੱਖਣ ਵਿਚਾਰਾਂ, ਕੋਮਲ ਹੁਨਰਾਂ ਅਤੇ ਜੀਵਨ ਸ਼ੈਲੀ ਦਾ ਨਾਂ ਹੈ। ਇਹ ਉਸ ਦੇਸ਼ ਦੇ ਇਤਿਹਾਸਕ, ਭੂਗੋਲਿਕ, ਅਧਿਆਤਮਿਕ, ਕਲਾਤਮਕ, ਰਾਜਨੀਤਿਕ ਤੇ ਬੌਧਿਕ ਵਰਤਾਰੇ ਦੇ ਮਿਲੇ-ਜੁਲੇ ਪ੍ਰਭਾਵਾਂ ਅਧੀਨ ਜਨਮਦਾ, ਬਦਲਦਾ ਅਤੇ ਵਿਚਰਦਾ ਹੈ। ਸਭਿਆਚਾਰ ਮਨੁੱਖ ਦੇ ਬਾਹਰੀ ਵਰਤਾਰੇ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਸਗੋਂ ਮਨੁੱਖੀ ਅਵਚੇਤਨ ਵੀ ਇਸ ਦੇ ਗਹਿਰੇ ਪ੍ਰਭਾਵ ਹੇਠ ਆਉਂਦਾ ਹੈ। ਜਦੋਂ ਵਿਅਕਤੀ ਆਪਣੇ ਮੂਲ ਦੇਸ਼ ਤੋਂ ਬਾਹਰ ਜਾ ਕੇ ਭਿੰਨ-ਭਿੰਨ ਸਭਿਆਚਾਰਾਂ ਦੇ ਸੰਪਰਕ ਵਿੱਚ ਆਉਂਦਾ ਤਾਂ ਉਸ ਨੂੰ ਹੋਰ ਤਰ੍ਹਾਂ ਦੇ ਸਭਿਆਚਾਰਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ।

ਮੇਜਬਾਨ ਸਮਾਜ ਵਿੱਚ ਵਿਚਰਦੇ ਪਰਵਾਸੀਆਂ ਦੀ ਪ੍ਰਮੁੱਖ ਸਮੱਸਿਆ ਪੀੜੀ ਪਾੜੇ ਦੀ ਹੈ। ਪੀੜੀ-ਪਾੜਾ ਦੋ ਪੀੜੀਆਂ ਭਾਵ ਪਰਵਾਸੀ ਪੰਜਾਬੀ ਅਤੇ ਉਨ੍ਹਾਂ ਦੇ ਬੱਚਿਆਂ ਵਿਚਕਾਰ ਉਹ ਫ਼ਾਸਲਾ ਹੈ ਜੋ ਸੋਚਾਂ, ਕੀਮਤਾਂ, ਸੰਕਲਪਾਂ, ਪੜਾਈ-ਲਿਖਾਈ ਤੋਂ ਬਿਨਾਂ ਸਮਾਜਿਕ ਯਥਾਰਥ ਦੀਆਂ ਤਬਦੀਲੀਆਂ ਦੇ ਅਨੁਰੂਪ ਚੱਲ ਨਾ ਸਕਣ ਦੇ ਫਰਕਾਂ ਕਾਰਨ ਪੈਦਾ ਹੁੰਦਾ ਹੈ। ਹਰ ਪੀੜੀ ਦੀਆਂ ਸਮਾਜ-ਸਭਿਆਚਾਰਕ ਕੀਮਤਾਂ ਅਤੇ ਮਾਨਤਾਵਾਂ ਉਹੋ ਜਿਹੀਆਂ ਹੀ ਬਣਦੀਆਂ ਹਨ ਜਿਹੋ ਜਿਹੇ ਵਾਤਾਵਰਨ ਵਿੱਚ ਉਹ ਪਲਦੀ ਹੈ। ਸੋ ਅਗਲੀ ਪੀੜੀ ਜਿਸ ਨੇ ਪਰਵਾਸ ਦੇ ਸਮਾਜ ਵਿੱਚ ਹੀ ਜਨਮ ਲਿਆ ਹੈ, ਉਸ ਦੀਆਂ ਕਦਰਾਂ-ਕੀਮਤਾਂ ਪਰਵਾਸੀ ਸਭਿਆਚਾਰ ਵਾਲੀਆਂ ਹੀ ਹੋਣਗੀਆਂ। ਸਭਿਆਚਾਰਕ ਤਣਾਓ ਅਜਿਹਾ ਵਰਤਾਰਾ ਹੈ ਜਿਸ ਵਿੱਚ ਦੋ ਸਭਿਆਚਾਰਾਂ ਵਿੱਚ ਮਨੁੱਖੀ ਭਾਵਨਾਵਾਂ ਖਿੰਡ ਜਾਂਦੀਆਂ ਹਨ। ਪੰਜਾਬੀ ਨਾਰੀ ਕਾਵਿ ਨੇ ਇਸ ਗੰਭੀਰ ਵਿਸ਼ੇ ਨੂੰ ਨਾ ਸਿਰਫ਼ ਉਲੀਕਿਆ ਹੈ ਬਲਕਿ ਅਜਿਹੇ ਗੰਭੀਰ ਵਿਸ਼ਿਆਂ ਵਿੱਚੋਂ ਆਪਣੀਆਂ ਜੜ੍ਹਾਂ ਕਿਵੇਂ ਬਚਾਉਣੀਆਂ ਹਨ, ਦੂਜੀ ਸੰਸਕ੍ਰਿਤੀ ਵਿਰਾਸਤ ਵਿੱਚੋਂ ਕਿਵੇਂ ਅਤੇ ਕੀ-ਕੀ ਗ੍ਰਹਿਣ ਕਰ ਸਕਦੇ ਹਾਂ, ਆਦਿ ਸੁਝਾਵਾਂ ਨੂੰ ਵੀ ਆਪਣੇ ਕਾਵਿ ਸਰੋਕਾਰਾਂ ਵਿੱਚ ਸ਼ਾਮਲ ਕੀਤਾ ਹੈ।

ਪੂੰਜੀਵਾਦੀ ਪ੍ਰਬੰਧ ਵਿੱਚ ਪਦਾਰਥਵਾਦ ਨੇ ਰਿਸ਼ਤਿਆਂ ਦੇ ਮੋਹ ਅਤੇ ਨਿੱਘ ਨੂੰ ਆਪਣੀ ਵਪਾਰਕ ਚਪੇਟ ਵਿੱਚ ਲੈ ਲਿਆ ਹੈ। ਇਸ ਪ੍ਰਬੰਧ ਨੇ ਜਗੀਰਦਾਰੀ ਪ੍ਰਬੰਧ ਦੀ ਰਿਸ਼ਤਾ/ਨਾਤਾ ਪ੍ਰਣਾਲੀ ਨੂੰ ਬਹੁਤ ਢਾਹ ਲਾਈ ਹੈ। ਅਜੋਕੇ ਪ੍ਰਬੰਧ ਵਿੱਚ ਰਿਸ਼ਤਾ ਪ੍ਰਣਾਲੀ ਅਹੁਦੇ, ਪਹੁੰਚ ਅਤੇ ਮਤਲਬਪ੍ਰਸਤੀ ਦੇ ਹਿਸਾਬ ਨਾਲ ਕਾਇਮ ਹੁੰਦੇ ਹਨ। ਲਹੂ ਦੇ ਰਿਸ਼ਤਿਆਂ ਵਿੱਚ ਇੱਕ ਵੀ ਰਿਸ਼ਤਾ ਭਰੋਸੇਯੋਗ ਨਹੀਂ ਰਿਹਾ, ਹਰ ਰਿਸ਼ਤੇ ਵਿੱਚ ਔਰਤ ਦਾ ਸ਼ੋਸ਼ਣ ਜਾਰੀ ਹੈ। ਹਰ ਰਿਸ਼ਤੇ ਦੇ ਇਮਾਨ ਵਿੱਚ ਖੜੋਤ ਆ ਚੁੱਕੀ ਹੈ। ਹਰ ਰਿਸ਼ਤੇ ਦਾ ਸ਼ੀਸ਼ਾ ਤਰੇੜਿਆ ਗਿਆ ਹੈ ਪਰੰਤੂ ਇਸ ਟੁੱਟੇ ਸ਼ੀਸ਼ੇ ਦੀਆਂ ਛਿਲਤਰਾਂ ਔਰਤ ਮਨ ਵਿੱਚ ਕਾਫ਼ੀ ਡੂੰਘੇ ਤੱਕ ਜ਼ਖ਼ਮੀ ਕਰ ਗਈਆਂ ਹਨ। ਪੰਜਾਬੀ ਨਾਰੀਵਾਦ ਕਵਿੱਤਰੀਆਂ ਨੇ ਇਸ ਵਿਸ਼ੇ ਨੂੰ ਆਪਣੀ ਕਵਿਤਾ ਵਿੱਚ ਬਹੁਤ ਸੁਚੇਤ, ਚੇਤਨਾ ਭਰਪੂਰ ਅਤੇ ਅਜੋਕੇ ਸਮਕਾਲੀ ਸਮਾਜ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ ਵਿੱਚ ਆਏ ਬਦਲਾਓ ਨੂੰ ਯਥਾਰਥ ਦੇ ਧਰਾਤਲ 'ਤੇ ਪੇਸ਼ ਕੀਤਾ ਹੈ। ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿੱਚ ਬੌਧਿਕਤਾ ਦੇ ਨਾਲ-ਨਾਲ ਸਮਕਾਲੀ ਵਿਸ਼ਿਆਂ 'ਤੇ ਪਕੜ ਹੈ। ਉਹ ਸਮਾਜ ਦੀਆਂ ਕਦਰਾਂ-ਕੀਮਤਾਂ ਵਿੱਚ ਆਈ ਗਿਰਾਵਟ ਅਤੇ ਰਿਸ਼ਤਿਆਂ ਦੀ ਬੇਭਰੋਸਗੀ ਨੂੰ ਕੁਝ ਇਸ ਤਰਾਂ ਪੇਸ਼ ਕਰਦੀ ਹੈ :

ਹੁਣ ਤਾਂ ਹੋਰ ਵੀ ਡਰਾਉਣਾ ਹੋ ਗਿਆ ਏ ਪੁਰਸ਼
ਕਿ ਔਰਤ ਡਰਨ ਲੱਗੀ ਹੈ
ਆਪਣੇ ਹੀ ਪਿਤਾ, ਭਾਈ, ਪੁੱਤਰ,
ਪਤੀ ਅਤੇ ਪ੍ਰੇਮੀ ਕੋਲੋਂ।

(ਧੁੱਪ ਦੀ ਚੁੰਨੀ, 28)

ਅਜੋਕੇ ਸਮੇਂ ਰਿਸ਼ਤਿਆਂ ਵਿੱਚ ਖ਼ਤਮ ਹੋ ਰਿਹਾ ਨਿੱਘ ਅਤੇ ਅਪਣਾਪਨ ਨੂੰ ਪੰਜਾਬੀ ਨਾਰੀ ਕਾਵਿ ਨੇ ਆਪਣੇ ਕਲਾਵੇ ਵਿੱਚ ਲੈ ਕੇ ਇੱਕ ਤਰਾਸਦੀ ਵਜੋਂ ਪੇਸ਼ ਕੀਤਾ ਹੈ। ਸਮੁੱਚੀ ਨਾਰੀ ਕਵਿੱਤਰੀ ਅਜੋਕੇ ਵਿਸ਼ਵ ਵਿੱਚ ਫੈਲੇ ਜਾਤ-ਪਾਤ, ਰੰਗ-ਭੇਦ, ਅਮੀਰ-ਗ਼ਰੀਬ ਆਦਿ ਵਿਸ਼ਿਆਂ ਦੇ ਦੁਖਾਂਤ

ਨੂੰ ਆਪਣੇ ਕਾਵਿ ਦੇ ਕੇਂਦਰ ਬਿੰਦੂ ਵਿੱਚ ਰੱਖਦਾ ਹੈ। ਇੱਕੀਵੀਂ ਸਦੀ ਦੇ ਪੰਜਾਬੀ ਨਾਰੀ ਕਾਵਿ ਦੇ ਅਜੋਕੇ ਸਮਾਜਿਕ ਸੰਦਰਭ ਵਿੱਚ ਸਮਾਜਿਕ ਸਭਿਆਚਾਰਕ ਸਥਿਤੀ ਪ੍ਰਤਿ ਚੇਤੰਨ ਤੇ ਚਿੰਤਨਸ਼ੀਲ ਹੈ। ਇਸ ਸਦੀ ਦੀਆਂ ਕਵਿੱਤਰੀਆਂ ਨਿਰਪੱਖ ਹੋ ਕੇ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਔਰਤ ਦੀ ਹੋਂਦ ਨਾਲ ਅਤੇ ਮਨੁੱਖੀ ਸਮਾਜ ਦੇ ਕਲਿਆਣ ਨਾਲ ਜੁੜੇ ਵਿਭਿੰਨ ਨੁਕਤਿਆਂ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਆਮ ਜਨ ਨੂੰ ਉਜਾਗਰ ਕਰਦੀ ਹੈ।

ਸਾਡੇ ਸਮਾਜ ਵਿੱਚ ਧਾਰਮਿਕ ਕਰਮਕਾਂਡ ਤੇ ਅੰਧ ਵਿਸ਼ਵਾਸਾਂ ਦਾ ਬੋਲਬਾਲਾ ਰਿਹਾ ਹੈ। ਇਨ੍ਹਾਂ ਖਿਲਾਫ਼ ਸੂਫ਼ੀਆਂ, ਭਗਤਾਂ ਤੇ ਗੁਰੂ ਕਵੀਆਂ ਨੇ ਸਮੇਂ-ਸਮੇਂ ਸਿਰ ਜੱਦੋ-ਜਹਿਦ ਛੇੜੀ ਰੱਖੀ ਹੈ। ਸਮਾਜਿਕ ਕਾਰਕੁੰਨਾਂ ਨੇ ਵੀ ਇਸ ਲੜਾਈ 'ਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰੰਤੂ ਰਹੁ-ਰੀਤਾਂ, ਟੂਣੇ-ਟੋਟਕੇ, ਜਾਦੂ, ਝਾੜੇ ਵਿੱਚ ਅਜੇ ਵੀ ਭਾਰਤੀ ਸਮਾਜ ਕਾਫ਼ੀ ਹੱਦ ਤੱਕ ਜਕੜਿਆ ਹੋਇਆ ਹੈ। ਨਾਰੀ ਕਾਵਿ ਨੇ ਇਸ ਜਨ-ਚੇਤਨਾ ਵਿੱਚ ਆਪਣਾ ਅਹਿਮ ਰੋਲ ਅਦਾ ਕੀਤਾ ਹੈ। ਹਰਿੰਦਰ ਕੌਰ ਦੀ ਕਵਿਤਾ 'ਟੂਣਾ' ਜਿੱਥੇ ਇਨ੍ਹਾਂ ਕਰਮਕਾਂਡਾਂ ਨੂੰ ਨੰਗਾ ਕਰਦੀ ਹੈ, ਉੱਥੇ ਹੀ ਆਮ ਜਨ-ਸਾਧਾਰਨ ਦੇ ਮਨ ਦੇ ਡਰ ਨੂੰ ਬਿਆਨ ਕਰਦੀ ਹੈ ਜੋ ਤਰਕਹੀਣ ਤੇ ਭੈਅ ਦੀ ਉਪਜ ਹੈ।

ਇੱਕੀਵੀਂ ਸਦੀ ਨੂੰ ਵਿਗਿਆਨ ਦਾ ਯੁੱਗ ਮੰਨਿਆ ਗਿਆ ਹੈ। ਪਰੰਤੂ ਗਿਆਨ ਦਾ ਚਾਨਣ ਵੰਡਣ ਵਾਲੇ ਤਕਨਾਲੋਜੀ ਦੇ ਸਾਰੇ ਵਸੀਲਿਆਂ ਅਤੇ ਸੰਸਾਧਨਾ ਉੱਤੇ ਕਾਰਪੋਰੇਟ ਅਤੇ ਵਪਾਰੀ ਲੋਕਾਂ ਦਾ ਕਬਜਾ ਹੋ ਜਾਣ ਕਾਰਨ ਕਰਮਕਾਂਡਾਂ ਦੀ ਭਰਮਾਰ ਸਮਾਜ ਵਿੱਚ ਦਿਨੋਂ-ਦਿਨ ਵੱਧ ਰਹੀ ਹੈ। ਇਹ ਨਫ਼ਰਤ ਅੱਗ ਰਾਜਸੀ ਲੋਭੀਆਂ ਨੇ ਜੀਵਨ ਦੇ ਹਰ ਖੇਤਰ ਵਿੱਚ ਘੁਮਾ ਦਿੱਤੀ ਹੈ। ਲੋਕ ਧਰਮ ਅਜਿਹੀ ਅਗਿਆਨ ਦੀ ਅੱਗ ਉੱਤੇ ਤੇਲ ਦਾ ਕੰਮ ਕਰਦਾ ਹੈ।

ਪਰੰਤੂ ਇਸ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ ਗੱਲ ਕਰੀਏ ਤਾਂ ਨਾਰੀ ਕਾਵਿ ਨੇ ਲੋਕ ਧਰਮ ਦੀ ਹਾਮੀ ਹੀ ਨਹੀਂ ਭਰੀ ਸਗੋਂ ਵਿਸ਼ਿਸਟ ਧਰਮ ਵਿਚਲੀ ਕੱਟੜਤਾ ਅਤੇ ਕਰਮਕਾਂਡਾਂ ਤੋਂ ਬਚਾਅ ਦਾ ਰਾਹ ਬਣ ਲੋਕ ਧਰਮ ਨੂੰ ਮੰਨਿਆ ਹੈ। ਸੁਰਜੀਤ ਕੌਰ ਲਿਖਦੀ ਹੈ ਕਿ :

ਬਾਣੀ ਗੁਰੂ ਗੁਰੂ ਹੈ ਬਾਣੀ
ਦੁਨੀਆ ਨੂੰ ਸਮਝਾਂਵਾਗੀ ਮੈਂ
ਧਰਮ ਦੇ ਨਾਂ ਤੇ ਹੋਵਣ ਠੱਗੀਆਂ
ਠੱਗੀਆਂ ਤਾਈ ਹਟਾਵਾਂਗੀ ਮੈਂ।

(ਪੰਜ ਆਬਾਂ ਦੀ ਜਾਈ, 12)

ਨਾਰੀ ਕਾਵਿ ਨਾ ਸਿਰਫ਼ ਸਾਨੂੰ ਇਸ ਕਰਮਕਾਂਡੀ ਜਾਲ ਵਿੱਚੋਂ ਬਾਹਰ ਕੱਢਦਾ ਹੈ ਸਗੋਂ ਰਾਜਸੀ ਤਾਕਤਾਂ ਜਿਨ੍ਹਾਂ ਨੇ ਵਿਸ਼ਿਸਟ ਧਰਮ, ਲੋਕ ਧਰਮ (ਡੇਰਾਵਾਦੀ ਸਰੂਪ) ਆਦਿ ਦੁਆਰਾ ਭਗਤਾਂ ਜਾਂ ਆਮ-ਜਨ ਨੂੰ ਵੋਟ ਬੈਂਕ ਬਣਾ ਕੇ ਇਸ ਵਿਚਲੀ ਲਾਲਸਾ ਦੇ ਨਜ਼ਰੀਏ ਤੋਂ ਇੱਕਠੇ ਕਰਕੇ ਆਪਣੀ ਸੱਤਾ ਲਈ ਧਰਮ ਅਤੇ ਲੋਕ ਧਰਮ ਨੂੰ ਇੱਕ ਜ਼ਰੀਆ ਬਣਾ ਲਿਆ ਹੈ। ਲੋਕਾਂ ਵਿੱਚ ਚੇਤਨਾ ਪੈਦਾ ਕਰਨ ਲਈ ਇਸ ਦੌਰ ਦੀਆਂ ਕਵਿੱਤਰੀਆਂ ਨੇ ਆਪਣੇ ਕਾਵਿ ਰਾਹੀਂ ਇੱਕ ਅਹਿਮ ਭੂਮਿਕਾ ਨਿਭਾਈ ਹੈ।

ਰਾਜਨੀਤੀ ਅਤੇ ਅਪਰਾਧ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ। ਹਰ ਮੁਲਕ ਦੀ ਰਾਜਨੀਤੀ ਵਿੱਚ ਰਾਜਨੀਤੀ ਦੇ ਸੰਚਾਲਕਾਂ ਦੁਆਰਾ ਆਪਣੇ ਨਿੱਜੀ ਲਾਭ ਦੇ ਲਾਲਚ ਲਈ ਅਪਰਾਧ ਕਰਨਾ ਇੱਕ ਆਮ ਗੱਲ ਹੈ। ਜਿੱਥੇ ਜਾਗੀਰਦਾਰੀ ਪ੍ਰਬੰਧ ਅੰਦਰ ਰਜਵਾੜਾਸ਼ਾਹੀ ਦੁਆਰਾ ਆਪਣੇ ਸਕਿਆਂ (ਭਰਾ, ਪਿਉ ਜਾਂ ਪੁੱਤਰ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ ਅਤੇ ਆਮ ਜਨਤਾ ਉੱਤੇ ਵੀ ਬਹੁਤ ਜ਼ੁਲਮ ਢਾਹਿਆ ਜਾਂਦਾ ਸੀ। ਉੱਥੇ ਹੀ ਅੱਜ ਭਾਵੇਂ ਜ਼ਿਆਦਾਤਰ ਮੁਲਕਾਂ ਵਿੱਚ ਲੋਕਤੰਤਰੀ ਸ਼ਾਸ਼ਨ ਪ੍ਰਣਾਲੀ ਹੈ, ਜਿਸ ਵਿੱਚ ਰਾਜਨੀਤੀ ਦਾ ਢਾਂਚਾ ਤਿਆਰ ਕਰਨ ਵਿੱਚ ਆਮ-ਜਨ ਵੋਟ ਦੀ ਸ਼ਕਤੀ ਦਾ ਇਸਤੇਮਾਲ ਕੀਤਾ ਜਾਂਦਾ ਹੈ ਪਰੰਤੂ ਲੋਕ-ਰਾਜ ਜਾਂ ਲੋਕਤੰਤਰ ਉੱਤੇ ਵੀ ਸੱਤਾ ਵਿੱਚ ਬੈਠੇ ਹਾਕਮਾਂ ਦਾ ਹੀ ਬੋਲਬਾਲਾ ਹੈ ਅਤੇ ਆਮ ਜਨਤਾ ਉੱਤੇ ਅਪਰਾਧਾਂ ਦੀ ਲਿਖਤ ਬਹੁਤ ਲੰਮੀ ਹੈ। ਸੋ ਰਾਜਨੀਤੀ ਬਨਾਮ ਅਪਰਾਧੀਕਰਨ ਨੂੰ ਪੰਜਾਬੀ ਨਾਰੀ ਕਾਵਿ ਨੇ ਕਈ ਪਹਿਲੂਆਂ ਰਾਹੀਂ ਪੇਸ਼ ਕੀਤਾ ਹੈ।

ਸੁਖਵਿੰਦਰ ਅੰਮ੍ਰਿਤ ਨੇ ਪੰਜਾਬੀ ਰਾਜਸੀ ਕਰੂਰਤਾ ਭਰਪੂਰ ਯਥਾਰਥਕ ਤਸਵੀਰ ਪੇਸ਼ ਕਰਦੀ ਹੋਈ ਸਮਕਾਲੀ ਸਮਾਜ ਵਿੱਚ ਕਾਰਜਸ਼ੀਲ ਰਾਜਸੀ ਸੰਕਟ ਅਤੇ ਮਨੁੱਖੀ ਮੂਲ ਅਧਿਕਾਰਾਂ ਦੇ ਹੋਏ ਦਮਨ, ਵੱਧ ਰਹੇ ਅਪਰਾਧੀਕਰਨ ਦੇ ਮਾਮਲਿਆਂ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਅਜੋਕੀ ਵਿਵਸਥਾ ਅਧੀਨ ਰਾਜਨੀਤਿਕ ਪਾਰਟੀਆਂ ਦੀਆਂ ਖ਼ੋਖਲੀਆਂ ਵਿਚਾਰਧਾਰਾਵਾਂ, ਮੌਕਾਪ੍ਰਸਤ ਰਾਜਨੀਤਿਕ ਦੰਭਾਂ ਦੇ ਅਧੀਨ ਦਿਸ਼ਾਹੀਣਤਾ ਵੱਲ ਅੱਗੇ ਵਧਦੀ ਹੈ। ਉਸ ਨੇ ਸਮੁੱਚੀ ਸਥਿਤੀ ਨੂੰ ਵਿਲੱਖਣ ਕਾਵਿ-ਸਮਰੱਥਾ ਅਤੇ ਪ੍ਰਚਲਿਤ ਰਾਜਨੀਤਕ ਕਦਰਾਂ-ਕੀਮਤਾਂ ਦੇ ਡੂੰਘੇ ਵਿਸ਼ਲੇਸ਼ਣ ਦੁਆਰਾ ਰਾਜਸੀ ਅਪਰਾਧੀਕਰਨ ਨੂੰ ਉਜਾਗਰ ਕੀਤਾ ਹੈ ਅਤੇ ਇਸ ਅਪਰਾਧ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ।

Website: www. punjabiinsights.in ISSN: 31074286 (online) Pages 25-31

ਡਾ. ਬੀ.ਆਰ. ਜੈਨ ਅਨੁਸਾਰ ''ਆਧੁਨਿਕ ਭਾਰਤ ਵਿੱਚ ਕਾਨੂੰਨ ਦੇ ਰਾਜ ਨੂੰ ਰਾਜਨੀਤੀ ਦੇ ਸਾਧਨ ਨੇ ਕਮਜ਼ੋਰ ਕੀਤਾ ਹੈ। ਰਾਜਨੀਤੀ ਦੇ ਅਪਰਾਧੀਕਰਨ ਨੇ ਵਿਆਪਕ ਭ੍ਰਿਸ਼ਟਾਚਾਰ ਨੂੰ ਜਨਮ ਦਿੱਤਾ ਹੈ, ਕਿਉਂਕਿ ਰਾਜਨੀਤਿਕ ਸ਼ਕਤੀ ਰੱਖਣ ਵਾਲੇ ਆਪਣੇ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦੇ ਹਨ। ਇਸ ਸਾਰੇ ਵਿਆਪਕ ਭ੍ਰਿਸ਼ਟਾਚਾਰ ਨੇ ਰਾਜ ਦੀਆਂ ਸੰਸਥਾਵਾਂ ਦੀ ਜਾਇਜ਼ਤਾ ਨੂੰ ਗੁਆਚ ਦਿੱਤਾ ਹੈ। ਭਾਰਤ ਦੀ ਸੁਪਰੀਮ ਕੋਰਟ ਦੁਆਰਾ ਕੀਤੀ ਗਈ ਪਹਿਲਕਦਮੀ, ਜਿਸ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਉਨ੍ਹਾਂ ਦੇ ਅਪਰਾਧਿਕ ਪਿਛੋਕੜ ਦਾ ਐਲਾਨ ਕਰਨਾ ਲਾਜ਼ਮੀ ਕਰ ਦਿੱਤਾ ਸੀ, ਨੇ ਇਸ ਤੱਥ ਦਾ ਪਰਦਾਫਾਸ਼ ਕੀਤਾ ਕਿ ਵਿਧਾਨ ਸਭਾ ਦੇ ਮੈਂਬਰਾਂ ਦੀ ਇੱਕ ਵੱਡੀ ਪ੍ਰਤੀਸ਼ਤ ਅਦਾਲਤਾਂ ਵਿੱਚ ਅਪਰਾਧਿਕ ਕੇਸਾਂ ਵਿੱਚ ਸ਼ਾਮਲ ਹੈ। ਭ੍ਰਿਸ਼ਟਾਚਾਰ ਨਾਲ ਲੜਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਜੇਕਰ ਕਾਨੂੰਨ ਤੋੜਨ ਵਾਲੇ ਹੀ ਕਾਨੂੰਨ ਬਣਾਉਣ ਵਾਲੇ ਬਣ ਜਾਂਦੇ ਹਨ।

ਪੰਜਾਬੀ ਨਾਰੀ ਕਾਵਿ ਸਮਕਾਲੀ ਸਥਿਤੀਆਂ ਦੇ ਵਰਤਾਰੇ ਨੂੰ ਕਿਸੇ ਇੱਕ ਵਿਸ਼ੇਸ਼ ਵਰਗ ਦੇ ਹਿਤਾਂ ਦੀ ਰਾਖੀ ਕਰਨ ਦੀ ਬਜਾਇ ਸਮੁੱਚੀ ਮਨੁੱਖਤਾ ਦੇ ਕਲਿਆਣ ਤੇ ਵਿਕਾਸ ਵੱਲ ਰੁਚਿਤ ਹੈ। ਉਸਨੇ ਸਭਿਆਚਾਰਕ ਜੀਵਨ ਸ਼ੈਲੀ ਦੇ ਕੁਦਰਤੀ ਕਦਰਾਂ–ਕੀਮਤਾਂ ਭਰਪੂਰ ਅਵਚੇਤਨ ਨੂੰ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਰੂਪਮਾਨ ਕਰਕੇ ਆਧੁਨਿਕਤਾਵਾਦੀ, ਉੱਤਰ–ਆਧੁਨਿਕਤਾਵਾਦੀ ਜੀਵਨ ਸ਼ੈਲੀ, ਖੰਡਿਤ ਵਿਅਕਤੀਤਵ, ਮਨੁੱਖੀ ਅਸਤਿਤਵਹੀਣਤਾ, ਔਰਤ ਮਰਦ ਦੇ ਬਦਲਦੇ ਰਿਸ਼ਤਿਆਂ ਆਦਿ ਸਮੱਸਿਆਵਾਂ ਨੂੰ ਸਵੈ–ਵਿਸ਼ਲੇਸ਼ਣ ਰਾਹੀਂ ਰੂਪਮਾਨ ਕੀਤਾ ਹੈ। ਸਮੁੱਚੇ ਤੌਰ ਤੇ ਪੰਜਾਬੀ ਨਾਰੀ ਕਾਵਿ ਸੀਮਤ ਸੀਮਾਵਾਂ ਦੀ ਕੈਦ ਤੋਂ ਮੁਕਤ ਹੋ ਕੇ ਸਮੁੱਚੇ ਵਿਸ਼ਵ ਦੀਆਂ ਸਮੱਸਿਆਵਾਂ ਬਾਰੇ ਗੰਭੀਰਤਾ ਨਾਲ ਵਿਚਾਰ–ਚਰਚਾ ਕਰਕੇ ਉਸਾਰੂ ਸੋਚ ਨੂੰ ਆਪਣੀ ਕਵਿਤਾ ਦਾ ਆਧਾਰ ਬਣਾਇਆ ਹੈ।

## 2.0 ਹਵਾਲੇ ਅਤੇ ਟਿੱਪਣੀਆਂ


1. ਵਨੀਤਾ, **ਕਾਲ ਪਹਿਰ ਘੜੀਆਂ**. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007.
2. ਸੁਰਜੀਤ ਕੌਰ **ਪੰਜ ਆਬਾਂ ਦੀ ਜਾਈ**. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017.
3. ਅੰਮ੍ਰਿਤ ਸੁਖਵਿੰਦਰ. **ਧੁੱਪ ਦੀ ਚੁੰਨੀ**. ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011
4. ਸੁਰਿੰਦਰ ਕੌਰ ਚਾਹਲ. **ਭੈਣੀ**. ਗਰੇਸ਼ੀਅਸ ਬੁੱਕਸ, ਪਟਿਆਲਾ, 2016.
5. ਹਰਿੰਦਰ ਕੌਰ. **ਪਰਾਗਾ**. ਸਿੰਦ ਬ੍ਰਦਰਜ, ਅੰਮ੍ਰਿਤਸਰ, 2015.
6. R.B. Jain, "The Art of Political Corruption : An Analysis of some major scams since independence" in Subhas C. Kashyap (Ed.). Eradication of Corruption and Restoration of Values, New Delhi, Sterling Publishers, 2001, p. 109

*Journal of Punjabi Insights (JPI)* *Vol. 1 Issue I (Jan-March 2025)*

*Website: www. punjabiinsights.in ISSN: 31074286 (online)* **Pages 1-4**

# ਸਮਕਾਲੀ ਪੰਜਾਬੀ ਕਹਾਣੀ ਤੇ ਸਬਾਲਟਰਨ ਪਛਾਣਾਂ

**ਮਨਪ੍ਰੀਤ ਕੌਰ**

ਰਿਸਰਚ ਸਕਾਲਰ

ਪੰਜਾਬੀ ਵਿਭਾਗ , ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

Email-id -Mk3239271@gmail.com

**ਅਬਸਟ੍ਰੈਕਟ :-**ਇਸ ਹੱਥਲੇ ਖੋਜ-ਪੱਤਰ ਦਾ ਸੰਬੰਧ ਸਮਕਾਲੀ ਪੰਜਾਬੀ ਕਹਾਣੀ ਵਿਚ ਸਬਾਲਟਰਨ ਪਛਾਣਾਂ ਦੀ ਪੇਸ਼ਕਾਰੀ ਦੀ ਸ਼ਨਾਖਤ ਕਰਨਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਸਮਾਜ ਦੇ ਮੁੱਖ ਪਿੜ ਤੋਂ ਪਾਸੇ ਰਹਿ ਚੁੱਕੇ ਵਰਗ ਆਪਣੀ ਪਛਾਣ ਨੂੰ ਨਿਰਧਾਰਿਤ ਕਰਵਾਉਣ ਲਈ ਮੁੜ ਅਗਰਸਰ ਹੋਏ ਹਨ। ਭਾਵ ਇਹ ਆਪਣੇ ਮਨੁੱਖੀ ਗੌਰਵ ਅਤੇ ਆਤਮ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹਨ। ਸਮਕਾਲੀ ਪੰਜਾਬੀ ਕਹਾਣੀ ਨੇ ਜਿੱਥੇ ਹੋਰ ਵਿਭਿੰਨ ਸੁਰਾਂ ਤੇ ਸਰੋਕਾਰਾਂ ਨੂੰ ਸਿਰਜਿਆ ਹੈ ਉਥੇ ਸਬਾਲਟਰਨ ਪਛਾਣਾਂ ਦੇ ਮੁੱਦਿਆਂ ਨੂੰ ਵੀ ਬਾਖੂਬੀ ਉਠਾਇਆ ਹੈ। ਅਜੋਕੀ ਪੰਜਾਬੀ ਕਹਾਣੀ ਕਿਸੇ ਵਾਦ ਜਾਂ ਵਿਚਾਰਧਾਰਾ ਵੱਲ ਉਲਾਰ ਨਾ ਹੋ ਕੇ ਇਸ ਦੌਰ ਦੇ ਖਪਤ ਸਭਿਆਚਾਰ ਵਿਚ ਹਾਸ਼ੀਏ ਤੇ ਰਹਿ ਗਏ ਸਮੂਹਾਂ ਦੇ ਜੀਵਨ ਯਥਾਰਥ ਨੂੰ ਪੇਸ਼ ਕਰ ਰਹੀ ਹੈ।

**ਕੀ-ਵਰਡ :-** ਹਾਸ਼ੀਆਗਤ, ਅਸਤਿਤਵ, ਸਿੱਖਿਆ, ਉੱਤਰ-ਆਧੁਨਿਕਤਾ, ਰਜਿਸਟਰ, ਪ੍ਰਤੀਨਿਧਤਾ।

## 1.0 ਪ੍ਰਸਤਾਵਨਾ

'ਸਬਾਲਟਰਨ' (Subaltern) ਸ਼ਬਦ ਅੰਗਰੇਜ਼ੀ ਭਾਸ਼ਾ ਦਾ ਪਦ ਹੈ। ਸਬਾਲਟਰਨ ਸ਼ਬਦ ਦੇ ਅਰਥਾਂ ਨੂੰ ਅੰਗਰੇਜ਼ੀ ਭਾਸ਼ਾ ਦੀ ਤਰ੍ਹਾਂਪ੍ਰਗਟਾਉਣ ਵਾਲਾ ਪੰਜਾਬੀ ਭਾਸ਼ਾ ਵਿਚ ਪਦ 'ਹਾਸ਼ੀਆਗਤ' ਹੈ। ਸਬਾਲਟਰਨ (Subaltern) ਸ਼ਬਦ ਉਹਨਾਂ ਵਰਗਾਂ ਲਈ ਵਰਤਿਆਂ ਗਿਆ ਹੈ ਜੋ ਵਰਗ ਕੇਂਦਰ ਤੋਂ ਪਰੇ ਹਨ ਅਤੇ ਜਿਹੜੇਵਰਗ ਸਮਾਜਿਕ ਸਹੂਲਤਾਂ, ਮਾਨ ਸਤਿਕਾਰ ਤੋਂ ਵਾਂਝੇ ਰਹਿ ਜਾਂਦੇ ਹਨ ਜਾਂ ਸਮਾਜ ਵਿੱਚ ਆਪਣੀ ਅਸਤਿਤਵੀ ਹੋਂਦ ਤਹਿਤ ਵਿਚਰਨ ਅਤੇ ਸਹੂਲਤਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਹਨ।ਜਿੰਨ੍ਹਾ ਨਾਲਸਮਾਜ ਮੁਖਧਾਰਾ ਤੋਂ ਅਲੱਗ ਰੱਖ ਕੇ ਦੂਜੇਲੇ ਦਰਜੇ ਦੇ ਵਸਨੀਕਾਂ ਵਾਲਾ ਭਾਵ ਅਮਾਨਵੀਂ ਵਿਵਹਾਰ ਕਰਦਾ ਹੈ। 'ਸਬਾਲਟਰਨ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਸਾਹਿਤ ਅਤੇ ਇਤਿਹਾਸ ਦੇ ਖੇਤਰ ਵਿੱਚ ਇਟਲੀ ਦੇ ਪ੍ਰਸਿੱਧ ਵਿਦਵਾਨ ਐਨਤੋਨਿਯੋ ਗ੍ਰਾਮਸ਼ੀ ਨੇ ਦੱਬੇ ਕੁਚਲੇ ਲੋਕਾਂ ਲਈ ਕੀਤੀ। ਰਾਬਰਟ ਯੁੰਗ ਨੇ ਉਹਨਾਂ ਹਾਸ਼ੀਆਗਤ ਸਮੂਹਾਂ ਅਤੇ ਨੀਵੇਂ ਵਰਗ ਨਾਲ ਸੰਬੰਧਿਤ ਲੋਕਾਂ ਲਈ ਸਬਾਲਟਰਨ ਸ਼ਬਦ ਨੂੰ ਵਰਤਿਆਂ ਹੈ ਜਿੰਨ੍ਹਾਂ ਦੀ ਸਮਾਜਿਕ ਸਥਿਤੀ ਨਹੀਂ ਹੁੰਦੀਹੈ।ਹਾਸ਼ੀਆਗਤ ਸਮੂਹ ਨਾਲ ਜੁੜੇ ਇਹਨਾਂ ਚਿੰਤਕਾਂ ਨੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਆਪਣੀ ਪਛਾਣ ਅਤੇ ਸਮਾਜ ਵਿਚਲੀ ਦਰਜਾਬੰਦੀ ਵਿਚੋਂ ਬਾਹਰ ਕੱਢਣ ਦਾ ਕਾਰਜ ਕੀਤਾਹੈ ਅਤੇਨਾਲ ਹੀ ਇਹਨਾਂ ਸਮੂਹਾਂ ਨੂੰ ਅਧਿਐਨ ਦੇ ਕੇਂਦਰ ਵਿਚਰੱਖਕੇ ਵਿਚਾਰਨ ਦਾ ਕਾਰਜਵੀਆਰੰਭਿਆ। ਸਬਾਲਟਰਨ ਸਟੱਡੀਜ਼ ਨਾਲ ਜੁੜੇ ਚਿੰਤਕਾਂ ਨੇ ਇਸ ਸੰਕਲਪ ਨੂੰ ਆਪਣੇ-ਆਪਣੇ ਨਜ਼ਰੀਏ ਤੋਂ ਵਿਚਾਰਨ ਦਾ ਯਤਨ ਕੀਤਾ ਹੈ।

'ਰਣਜੀਤ ਗੁਹਾਂ ਨੇ ਸਬਾਲਟਰਨ ਦਾ ਸੰਕਲਪ ਉਸਾਰਦਿਆਂ ਭਾਰਤੀ ਸਮਾਜ ਦੇ ਗ਼ੈਰ ਇਲੀਟ ਵਰਗਾਂ ਨੂੰ ਮਾਨਤਾ ਦਿੱਤੀ ਹੈ। ਉਸ ਅਨੁਸਾਰ ਮੁੱਢਲੇ ਤੌਰ ਤੇ ਇਹ ਪੇਂਡੂ ਖੇਤਰ ਹਨ, ਜਿੰਨ੍ਹਾਂ ਵਿਚ ਕੰਗਾਲ ਕਿਰਸਾਨੀ ਤੇ ਮੱਧ ਸ਼੍ਰੇਣੀ ਸ਼ਾਮਿਲ ਹੈ।'[1]

ਭਾਰਤੀ ਮੂਲ ਦੀਆਂ ਸਬਾਲਟਰਨ ਪਛਾਣਾਂ ਬਾਰੇ ਜ਼ਿਕਰ ਕਰਦੇ ਹੋਏ ਡਾ. ਸੁਰਜੀਤ ਸਿੰਘ ਲਿਖਦੇ ਹਨ, "ਸੰਸਾਰ 'ਚ ਸਬਾਲਟਰਨ ਸਮੂਹਾਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਦੇ ਅਧਿਐਨ ਦੀ ਪਰੰਪਰਾ ਵਿੱਚ ਅਜਿਹੇ ਸਮੂਹਾਂ ਨੂੰ ਸਬਾਲਟਰਨ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ ਜਿਹੜੇ ਇਤਿਹਾਸਕਾਰੀ ਵਿੱਚੋਂ ਗੈਰ-ਹਾਜ਼ਰ ਜਾਂ ਹਾਸ਼ੀਆਗਤ ਹੋਂਦ ਰੱਖਦੇ ਹਨ, ਖਾਮੋਸ਼ ਕਰ ਦਿੱਤੇ ਗਏ ਹਨ, ਜਿੰਨ੍ਹਾਂ ਕੋਲ ਆਪਣਾ ਅਨੁਭਵ, ਕਾਰਜ, ਸੋਚ ਦ੍ਰਿਸ਼ਟੀ ਅਤੇ ਹੁੰਗਾਰੇ ਨੂੰ ਪ੍ਰਗਟ ਕਰਨ ਲਈ ਉਹ ਸੰਦ ਸਾਧਨ ਨਹੀਂ ਜਿਸ ਨਾਲ ਉਹ ਆਪਣੀ ਹੋਂਦ ਰਜਿਸਟਰ ਕਰਵਾ ਸਕਣ।"[2]

ਸਬਾਲਟਰਨ ਪਛਾਣਾਂ ਦੇ ਤਹਿਤ ਕਿਹੜੇ-ਕਿਹੜੇ ਵਰਗਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ ਇਹ ਵੀ ਇਕ ਆਪਣੇ ਆਪ ਵਿਚ ਸਵਾਲ ਹੈ। ਕਿਉਂਕਿ ਜਦੋਂ ਸਬਾਲਟਰਨ ਸੰਕਲਪ ਨੂੰ ਪ੍ਰਭਾਸ਼ਿਤ ਕੀਤਾ ਜਾਂਦਾ ਹੈ ਤਾਂ ਇਸਦਾ ਦਾਇਰਾ ਦਲਿਤ ਵਰਗ ਤੱਕ ਹੀ ਸੀਮਿਤ ਕਰ ਦਿੱਤਾਜਾਂਦਾਹੈ।ਪਰ ਇਸ ਵਿਚਉਹਸਾਰੇਵਰਗ ਸ਼ਾਮਿਲਕੀਤੇ ਜਾਣੇ ਚਾਹੀਦੇ ਹਨਜੋ ਸਾਧਨ ਵਿਹੂਣੇ ਹਨ, ਜਿੰਨ੍ਹਾਂ ਦੀ ਸਮਾਜ ਵਿਚ ਪੁੱਛ-ਗਿੱਛ ਨਹੀਂ ਹੈ। ਭਾਵ ਉਹ ਵਰਗ ਜਿਸ ਨਾਲ ਸਮਾਜ ਸੱਤਾ ਵੱਲੋਂ ਧੱਕਾ ਹੋ ਰਿਹਾ ਹੈ, ਸਬਾਲਟਰਨ ਦੇ ਘੇਰੇ ਵਿਚ ਆਉਂਦੇਹਨ।ਜਿਹਨਾਂ ਕੋਲ ਆਪਣੀ ਗੱਲ ਰੱਖਣ ਦਾ ਹੱਕ ਨਹੀਂ ਹੈ,

ਜੋ ਆਪਣੀ ਗੱਲ ਆਪ ਨਹੀਂ ਕਹਿ ਸਕਦੇ। ਸਬਾਲਟਰਨ ਪਛਾਣਾਂ ਨੂੰ ਸਮਾਜ ਦੇ ਮੁੱਖ ਪਿੜ ਤੋਂ ਬਾਹਰ ਕੱਢਿਆ ਜਾਂਦਾ ਹੈ। ਕੋਸ਼ਗਤ ਅਰਥਾਂ ਨੂੰ ਦੇਖੀਏ ਤਾਂ ਸਬਾਲਟਰਨ ਸ਼ਬਦ ਦੇ ਅਧੀਨ ਹੇਠਲੇ ਦਰਜੇ ਦਾ ਨੌਕਰ, ਹੇਠਾਂ ਕੰਮ ਕਰਨ ਵਾਲੇ, ਦੁਜੈਲੇ ਪੱਧਰ ਦੇ, ਬੰਧੂਆ, ਕਾਬੂ ਆਦਿ ਸ਼ਬਦਲਏ ਗਏਹਨ। ਇਸ ਤਰ੍ਹਾਂਸਬਾਲਟਰਨ ਪਛਾਣਾਂ ਦੇ ਅਧਿਐਨ ਅੰਦਰ ਨਾਰੀ, ਦਲਿਤ, ਲਿੰਗ ਅਧਾਰਿਤ, ਘੱਟ ਗਿਣਤੀ ਸਮੂਹ, ਪਰਵਾਸੀ, ਮਜ਼ਦੂਰ, ਨਿਮਨ ਕਿਸਾਨੀ, ਸਿੱਖਿਆ ਪੱਖੋਂ ਪਛੜਿਆਂ ਵਰਗ ਆਦਿ ਨੀਵੇਂ ਦਰਜੇ ਦੇ ਮਨੁੱਖੀ ਸਮੂਹਾਂ ਨੂੰ ਵਿਚਾਰਿਆ ਜਾਂਦਾ ਹੈ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਅਤੇ ਇੱਕੀਵੀਂ ਸਦੀ ਦੇ ਵਿਚ ਜੋ ਸਾਹਿਤ ਰਚਿਆ ਜਾ ਰਿਹਾ ਹੈ, ਉਹ ਵਿਸ਼ਵੀਕਰਨ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਹੈ। ਇਸ ਦੌਰ ਅੰਦਰ ਭਾਰਤੀ ਜਨ-ਸਾਧਾਰਨ ਮੁੜ ਆਪਣੀ ਪਛਾਣ ਵੱਲ ਅਗਰਸਰ ਹੋਈ ਹੈ। ਇਸ ਸਮੇਂ ਭਾਰਤੀ ਜਨ-ਸਾਧਾਰਨ ਆਪਣੀ ਸਥਿਤੀ ਪ੍ਰਤੀ ਖੁਦ ਬੋਲਣ ਲੱਗੇ ਹਨ। ਭਾਵ ਇਹਨਾਂ ਅੰਦਰ ਪੈਦਾ ਹੋਈ ਚੇਤਨਾ ਕਾਰਨ ਇਹ ਆਬੋਲ ਨਹੀਂ ਰਹੇ। ਇਹਨਾਂ ਸਬਾਲਟਰਨ ਪਛਾਣਾਂ ਨੂੰ ਚਿੰਤਕਾਂ ਵੱਲੋਂ ਵੀ ਪ੍ਰਤੀਨਿਧਤਾ ਮਿਲੀ ਹੈ, ਜਿਸ ਕਾਰਨ ਇਹ ਸਮੂਹ ਆਪਣੀ ਹੋਂਦ ਜਤਾਉਣ ਲਈ ਵਿਸ਼ੇਸ਼ ਕਦਮ ਚੁੱਕ ਰਹੇ ਹਨ। ਉੱਤਰ ਆਧੁਨਿਕ ਚਿੰਤਨ ਪ੍ਰਣਾਲੀ ਨੇ ਆਧੁਨਿਕਤਾ ਨੂੰ ਚੁਣੌਤੀ ਦਿੰਦਿਆ ਹਾਸ਼ੀਏ ਉੱਪਰ ਧੱਕੇ ਗਏ ਵਰਗਾਂ ਨੂੰ ਮੁੜ ਮਾਨਤਾ, ਪਛਾਣ ਦਿਵਾਉਣ ਅਤੇ ਇਹਨਾਂ ਸਮੂਹਾਂ ਦੇ ਹੱਕਾਂ ਦੀ ਗੱਲਕੀਤੀਹੈ।ਉੱਤਰ-ਬਸਤੀਵਾਦੀ ਅਧਿਐਨ ਨਾਲ ਜੁੜੀ ਚਿੰਤਕ ਗਾਇਤਰੀ ਸਪੀਵਿਕ ਨੇ ਆਪਣੇ ਲੇਖ 'ਕੀ ਸਬਾਲਟਰਨ ਬੋਲ ਸਕਦੇ ਹਨ' ? (Can the Subaltern Speak?) ਸਬਾਲਟਰਨ (Subaltern) ਧਿਰਾਂ ਦੇ ਪ੍ਰਸੰਗ ਵਿੱਚ ਚਰਚਾ ਸ਼ੁਰੂ ਕੀਤੀ।

ਹੱਥਲੇਖੋਜ-ਪੱਤਰ ਦਾ ਵਿਸ਼ਾ ਸਮਕਾਲੀ ਪੰਜਾਬੀ ਕਹਾਣੀ ਵਿੱਚ ਸਬਾਲਟਰਨ ਪਛਾਣਾਂ ਦੀ ਸਥਿਤੀ ਨੂੰ ਸਾਹਮਣੇ ਲੈ ਕੇ ਆਉਣਾ ਹੈ। ਸਬਾਲਟਰਨ ਧਿਰਾਂ ਦਾ ਮੁੱਦਾ ਅਜੋਕੇ ਦੌਰ ਵਿਚ ਸਾਹਿਤਕ ਅਤੇ ਅਕਾਦਮਿਕ ਖੇਤਰ ਦਾ ਮੁੱਖ ਵਿਸ਼ਾ ਬਣ ਰਿਹਾ ਹੈ। ਸੁਭਾਵਿਕ ਤੌਰ 'ਤੇ ਪੰਜਾਬੀ ਸਾਹਿਤ ਆਦਿ ਕਾਲ ਤੋਂ ਲੈ ਕੇ ਆਧੁਨਿਕਕਾਲਤੱਕ ਹਾਸ਼ੀਆਗਤ ਸਮੂਹਾਂ ਦੀ ਪ੍ਰਤੀਨਿਧਤਾ ਕਰਦਾ ਆ ਰਿਹਾ ਹੈ, ਨਾਲ ਹੀ ਇਹ ਸਾਹਿਤ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਪੱਧਰ ਉੱਪਰ ਇਹਨਾਂ ਮੁੱਖ ਧਾਰਾ ਤੋਂ ਪਾਸੇ ਧੱਕੀਆਂ ਗਈਆਂ ਧਿਰਾਂ ਲਈ ਆਵਾਜ਼ ਬਣਿਆਹੈ।ਬੇਸ਼ੱਕਦੇਸ਼ ਵੰਡ ਅਤੇ ਸੁਤੰਤਰਤਾ ਤੋਂ ਬਾਅਦ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਮੁੱਖ ਸੁਰ ਪ੍ਰਗਤੀਵਾਦੀ ਪ੍ਰਭਾਵ ਵਾਲੀ ਰਹੀਹੈ।ਪਰਉੱਤਰ ਆਧੁਨਿਕ ਦੌਰ ਵਿੱਚ ਰਚੇ ਜਾ ਰਹੇ ਸਾਹਿਤ ਦੀ ਵਿਸ਼ੇਸਤਾ ਇਹ ਹੈ ਕਿ ਇਹ ਸਾਹਿਤ ਬਹੁ-ਸੁਰੀ ਤੇ ਬਹੁ-ਧਰਾਈ ਪਹੁੰਚ ਵਾਲਾ ਹੈ।ਇਸ ਸਮੇਂ ਹਾਸ਼ੀਆਗਤ ਸਮਝੇ ਜਾਂਦੇ ਪੜ੍ਹੇ ਲਿਖੇ ਵਰਗ ਨੇ ਆਪਣੀਆਂ ਭਾਵਨਾਵਾਂ ਨੂੰ ਆਪ ਲਿਖਣਾ ਸ਼ੁਰੂ ਕਰ ਦਿੱਤਾ, ਭਾਵ ਇਹ ਵਰਗ ਹੁਣ ਆਪਣੇ ਮਨੁੱਖੀ ਗੌਰਵ ਅਤੇ ਆਤਮ ਨੂੰ ਸਿਰਜਣ ਦਾ ਹੌਸਲਾ ਕਰ ਰਹੇ ਹਨ। ਸਮਕਾਲੀ ਪੰਜਾਬੀ ਕਹਾਣੀ ਨੇ ਜਿੱਥੇ ਹੋਰ ਪ੍ਰਮੁੱਖ ਤੇ ਵਿਭਿੰਨ ਸਰੋਕਾਰਾਂ ਨੂੰ ਸਿਰਜਿਆ ਹੈ, ਉਥੇ ਸਬਾਲਟਰਨ ਸਮੂਹਾਂ ਦੇ ਮੁੱਦਿਆ ਨੂੰ ਵੀ ਬਾਖੂਬੀ ਉਠਾਇਆ ਹੈ। ਮਿਸਾਲ ਵਜੋਂ ਚੌਥੇ ਪੜਾਅ ਦੇ ਸਥਾਪਿਤ ਕਹਾਣੀਕਾਰ ਦੀਪ ਦੇਵਿੰਦਰ ਦੀ ਕਹਾਣੀ 'ਵੇਲਾ-ਕੁਵੇਲਾ' ਵਿਚ ਦਲਿਤ ਸਮਾਜ ਦੀ ਹਾਸ਼ੀਆਕ੍ਰਤ ਧਿਰ ਨੂੰ ਆਧਾਰ ਬਣਾਇਆ ਗਿਆ ਹੈ। ਇਸ ਕਹਾਣੀ ਵਿੱਚ ਹਾਸ਼ੀਏ 'ਤੇ ਸਮਝੀ ਜਾਂਦੀ ਧਿਰ ਪ੍ਰਤੀ ਜਾਣਕਾਰੀ ਮਿਲਦੀ ਹੈ ਕਿ ਇਸ ਵਰਗ ਦੀ ਸ਼ਮਸ਼ਾਨ ਘਾਟ ਵੀ ਵੱਖਰੀ ਬਣਾਈ ਜਾਂਦੀ ਹੈ।ਇਸੇ ਤਰ੍ਹਾਂਗੁਰਮੀਤ ਆਰਿਫ਼ ਦੀ ਕਹਾਣੀ 'ਕੰਧਾਂ ਵਿੱਚ ਘਿਰਦਾ ਆਦਮੀ' ਨਿਮਨ ਕਿਸਾਨੀ ਨਾਲ ਜੁੜੇ ਜੱਟ ਪਰਿਵਾਰ ਦੇ ਸੰਘਰਸ਼ਦਾ ਬਿਰਤਾਂਤ ਸਿਰਜਦੀ ਹੈ।ਇਸ ਕਹਾਣੀ ਦਾ ਮੁੱਖ ਪਾਤਰ ਨਿਰਵੈਰ ਸਿੰਘ ਘੱਟ ਜ਼ਮੀਨ ਹੋਣ ਕਾਰਨਆਰਥਿਕ ਤੰਗੀਆਂ-ਤੁਰਸ਼ੀਆਂ ਵਿੱਚ ਘਿਰਿਆ ਹੋਇਆ ਹੈ।ਨਿਰਵੈਰ ਅਤੇ ਉਸਦੀ ਪਤਨੀ ਸੀਬੋਮਿਹਨਤ ਮੁਸ਼ੱਕਤ ਕਰਕੇ ਘਰ ਦੀ ਮਾਲੀ ਹਾਲਤ ਸੁਧਾਰਨ ਦਾ ਯਤਨ ਕਰਦੇ ਹਨਪਰਉਸਦੇ ਪੁੱਤਰ ਨਸ਼ੇ ਦੀ ਮਾੜੀ ਆਦਤ ਦੇ ਆਦੀ ਹੋ ਜਾਂਦੇ ਹਨ, ਜਿਸਕਰਕੇ ਉਹਨਾਂਸਾਰੀਜ਼ਮੀਨ ਵਿਕ ਜਾਂਦੀ ਹੈ ਅਤੇ ਉਸਦੇ ਪੁੱਤਰਾਂ ਦਾ ਵਿਆਹਵੀ ਨਹੀਂ ਹ ਸਕਿਆ।ਆਖ਼ੀਰ ਉਸਦੇ ਪੁੱਤਰਾਂ ਨੂੰ ਆਪਣੇ ਤੋਂ ਆਰਥਿਕ ਪੱਖੋਂ ਤਕੜੇ ਜੱਟ ਜ਼ਿਮੀਦਾਰਾਂ ਦੇ ਘਰ ਸੀਰੀ ਰਲਣਲਈਮਜ਼ਬੂਰ ਹੋਣਾ ਪੈਂਦਾ ਹੈ।ਕਹਾਣੀ ਦੇ ਅੰਤ ਵਿਚ ਨਿਮਨ ਕਿਸਾਨੀ ਨਾਲ ਜੁੜੇ ਇਹ ਪਾਤਰ ਆਪਣੇ ਸਵੈ ਪ੍ਰਤੀ ਚੇਤੰਨ ਦਿਖਾਏ ਗਏ ਹਨ :

"ਬੰਤ, ਚਾਹ ਫੜਦਾ ਨਿਰਵੈਰ ਜਿਵੇਂ ਡੂੰਘੀ ਸੋਚ 'ਚੋ ਬੋਲਿਆ ਹੋਵੇ। ਤੂੰ ਨਾ ਆਹ ਸੀਰ ਸੱਪੇ ਦਾ ਕੰਮ ਛੱਡ ਦੇ, ਹੁਣ ਇਹ ਥੋਡੇ ਲਾਇਕ ਨੀ ਰਿਹਾ, ਕੋਈ ਹੋਰ ਕਰ ਲੈ, ਤੇ ਨਾਲੇ ਨਿਆਣਿਆ ਨੂੰ ਪੜਾ ਲਿਖਾ ਕੇ ਕਿਸੇ ਚੱਜ ਦੇ ਕੰਮ ਤੇ ਲਾਈਂ ਆਵਦੇ ਆਗੂੰ ਕਿਤੇ ਅਨਪੜ੍ਹ ਈ ਨਾ ਰੱਖ ਲੀਂ।"[3]

ਜਸਵੀਰ ਰਾਣਾ ਦੇ ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਚੂੜੇ ਵਾਲੀ ਬਾਂਹ' ਬੇਜ਼ਮੀਨੇ ਹੋਣ ਦਾ ਸੰਤਾਪ ਹੰਢਾਉਂਦੇ ਮਨੁੱਖ ਦੀਆਂ ਵੇਦਨਾਵਾਂ ਦੀ ਪੇਸ਼ਕਾਰੀ ਕਰਦੀ ਹੈ, ਜਿਸ ਨਾਲ ਮਨੁੱਖ ਦੀ ਸਮਾਜਿਕ, ਆਰਥਿਕ ਪਛਾਣ ਨਿਰਧਾਰਿਤ ਹੁੰਦੀ ਹੈ। ਇਹ ਕਹਾਣੀ ਨਿਮਨ ਕਿਸਾਨੀ ਦਾ ਸਭ ਤੋਂ ਵੱਡਾ ਆਰਥਿਕ ਤੇ ਸਮਾਜਿਕ ਆਸਰਾ ਜ਼ਮੀਨ ਦੇ ਖੁੱਸ ਜਾਣ ਅਤੇ ਨਸ਼ਿਆਂਵਿਚ ਪੈ ਜਾਣ ਦੀ ਮਾਰ, ਉਪਰੋਂ ਕੈਂਸਰ ਵਰਗੀ ਲਾਇਲਾਜ ਬਿਮਾਰੀ ਦੀ ਮਾਰ ਹੇਠ ਆ ਜਾਣ ਜਿਹੇ ਵਰਤਾਰਿਆਂਦੀ ਨਿਸ਼ਾਨਦੇਹੀ ਕਰਦੀ ਹੈ। ਇਸ ਕਹਾਣੀ ਦਾ ਇਕ ਮਹੱਤਵਪੂਰਨ ਪੱਖ ਮਨੁੱਖ ਦੀ ਸੰਪੂਰਨ ਹੋਂਦ ਨਾਲ ਵੀ ਜੁੜਿਆ ਹੋਇਆ ਹੈ। ਕਹਾਣੀਕਾਰ ਇੱਥੇ ਔਰਤ ਨੂੰ ਮਰਦ ਦੀ ਕਾਮ-ਭੁੱਖ ਜਾਂ ਲੋਚਾ ਦਾ ਮਾਧਿਅਮ ਨਹੀਂ ਬਣਾਉਂਦਾ, ਸਗੋਂ ਸਮਾਜ ਵਿੱਚ ਔਰਤ ਮਰਦ ਦੇ ਸਾਂਵੇ ਸੰਬੰਧਾਂ ਲਈ ਔਰਤ ਦੀ ਹੋਂਦ ਦੇ ਲਾਜ਼ਮੀ ਹੋਣ ਦਾ ਅਹਿਸਾਸਵੀਕਰਵਾਉਂਦਾ ਹੈ। ਥੁੜ੍ਹੇ-ਟੁੱਟੇ, ਬੇਜ਼ਮੀਨੇ ਵਰਗ ਲਈ ਸਮਾਜਿਕ ਕਸਵੱਟੀ 'ਤੇ ਖਰਾ ਜਾਂ ਪੂਰਾ ਉਤਰਨਾ ਵੱਸ ਵਿਚ ਨਹੀਂ ਰਹਿੰਦਾ। ਇਹ ਕਹਾਣੀ ਹਾਲਾਤਾਂ ਦੇ ਝੰਬੇ ਮਨੁੱਖ ਦੀਆਂ ਅਪੂਰਨ ਭਾਵਨਾਵਾਂਦੀ ਤਰਜ਼ਮਾਨੀ

ਕਰਦੀਹੈ :

"ਜੱਟ ਸਿੱਖਕੁਆਰਾ ਲੜਕਾ, ਉਮਰ 38/5'-3'', ਸਰਕਾਰੀ ਨੌਕਰੀ, ਲਈ ਬਹੁਤ ਹੀ ਸੁੰਦਰ ਤੇ ਸੁਸ਼ੀਲ ਕੰਨਿਆ ਦੀ ਲੋੜ ਹੈ। ਕੋਈ ਦਾਜ ਤੇ ਜਾਤੀ ਬੰਧਨ ਨਹੀਂ ਬੱਚੇ ਵਾਲੀ, ਵਿਧਵਾ ਤੇ ਤਲਾਕਸ਼ੁਦਾ ਵੀ ਸੰਪਰਕ ਕਰਨ।'....ਕੇਸਰ ਦਾ ਇਸ਼ਤਿਹਾਰ ਛਪਵਾ ਕੇ ਜਿਵੇਂ ਮੈਂ ਜ਼ਿੰਮੇਵਾਰੀ ਤੋਂ ਮੁਕਤ ਹੋ ਗਿਆ ਸੀ। ਮਨ ਤੋਂ ਮਣਾਂ-ਮੂੰਹੀਂ ਵਜ਼ਨ ਲਹਿ ਗਿਆ। ਚਿੱਤ ਵਿੱਚ ਲੱਡੂਆਂ ਦੀ ਪੰਸੇਰੀ ਢੇਰੀ ਹੋ ਗਈ। ਅਖ਼ਬਾਰਾਂ ਵਿਚੋਂ ਕੱਟ ਮੈਂ ਸਾਰੇ ਇਸ਼ਤਿਹਾਰ ਬੈਠਕ ਦੀ ਕੰਧ 'ਤੇ ਲਾ ਲਏ ਸਨ। ਅੱਧੀ ਰਾਤ ਤੱਕ ਖੜ੍ਹਾ ਪੜ੍ਹਦਾ ਰਹਿੰਦਾ। ਮਾਂ ਕਲਪਦੀ ਰਹਿੰਦੀ, "ਵੇ ਆਹ ਕੀਹਦਾ ਮਰਸੀਆ ਪੜ੍ਹਦਾ ਰਹਿਨੈ....।"[4]

ਹਰਨੇਕ ਕਲੇਰ ਦੀ ਕਹਾਣੀ 'ਖੁਦਕਸ਼ੀ', ਗੁਰਪ੍ਰੀਤ ਸੰਧੂ ਦੀ 'ਬੱਕਰੀਆਂ ਵਾਲੇ' ਅਤੇ ਪ੍ਰੀਤ ਨੀਤਪੁਰ ਦੀ ਕਹਾਣੀ 'ਕੱਚੀ ਇੱਟ' ਆਦਿ ਅਜਿਹੀਆ ਕੁਝ ਹੋਰ ਕਹਾਣੀਆਂ ਹਨ ਜੋ ਘੱਟ ਜ਼ਮੀਨੇ ਜਾਂ ਕਰਜ਼ੇ ਦੀ ਮਾਰ ਹੇਠ ਆਉਂਦੇ ਸਬਾਲਟਰਨ ਵਰਗ ਦੀ ਸਥਿਤੀ ਦਾ ਬੋਧ ਕਰਵਾਉਂਦੀਆਂ ਹਨ।ਸਮਕਾਲੀ ਪੰਜਾਬੀ ਕਹਾਣੀ ਔਰਤ ਦੀਆਂ ਮਨੋਸਥਿਤੀਆਂ ਨੂੰ ਬਰੀਕੀ ਨਾਲ ਸਮਝਣ ਦਾ ਯਤਨ ਕਰਦੀ ਪੇਸ਼ ਆਉਂਦੀ ਹੈ। ਇਸ ਸਮੇਂ ਰਚੀ ਜਾ ਰਹੀ ਕਹਾਣੀ ਵਿਚਲੀ ਔਰਤ ਆਪਣੇ ਸਵੈ ਪ੍ਰਤੀ ਚੇਤੰਨ ਹੋ ਕੇ ਪਿਤਰਕੀ ਸਮਾਜ ਵੱਲੋਂ ਲਗਾਈਆਂ ਗਈਆਂ ਸੂਖ਼ਮ ਬੰਦਸ਼ਾਂ ਨੂੰ ਤੋੜਨ ਦੀ ਜ਼ੁਰਅਤ ਤਾਂ ਕਰਨ ਲੱਗੀ ਹੈ, ਪਰ ਉਸਦੇ ਲਏ ਫੈਸਲਿਆਂ ਨੂੰ ਉਸਦੇਪਰਿਵਾਰ ਵੱਲੋਂ ਜਾਂ ਸਮਾਜਵੱਲੋਂ ਪ੍ਰਵਾਨ ਨਹੀਂ ਕੀਤਾ ਜਾਂਦਾਹੈ।ਇਥੇ ਇਹ ਪੱਖ ਵੀ ਸਾਹਮਣੇ ਆਉਂਦਾ ਹੈ ਕਿ ਔਰਤ ਘਰ, ਪਰਿਵਾਰ ਅਤੇ ਬੱਚੇ ਜੰਮਣ ਤੋਂ ਮੁਨਕਰ ਨਹੀਂ ਹੈ, ਸਗੋਂ ਉਹਸਮਾਨਤਾਹਾਸਿਲ ਕਰਨ ਦੇ ਨਾਲ-ਨਾਲ ਇਹਨਾਂ ਸਭ ਜ਼ਿੰਮੇਵਾਰੀਆਂ ਨੂੰ ਨਾਲ ਲੈ ਕੇ ਚੱਲਣ ਦੀ ਇਛੁੱਕ ਹੈ। ਭਾਵ ਉਹ ਆਪਣੇ-ਆਪ ਨੂੰ ਸੰਪੂਰਨ ਮਨੁੱਖ ਸਮਝੇ ਜਾਣ ਦੀ ਇੱਛਾ ਪ੍ਰਗਟ ਕਰਦੀ ਹੈ। ਜਗਜੀਤ ਬਰਾੜ ਦੀ ਕਹਾਣੀ 'ਦੋ ਗੁਆਚੇ ਪਿਉ' ਅਜਿਹੀ ਔਰਤ ਦੀ ਸਥਿਤੀ ਨੂੰ ਬਿਆਨ ਕਰਦੀ ਹੈ, ਜੋ ਆਪਣੀ ਮਾਂ ਦੀ ਹਾਲਤ ਨੂੰ ਭਾਪਦਿਆਂ ਵਿਆਹ ਕਰਵਾਉਂਣ ਤੋਂ ਤਾਂ ਇਨਕਾਰ ਕਰ ਦਿੰਦੀ ਹੈ, ਪਰ ਕੁਝ ਸਮੇਂ ਬਾਅਦ ਉਸਦੇ ਮਨ ਵਿਚ ਬੱਚਾ ਜੰਮਣ ਦੀ ਇੱਛਾ ਜਾਗਦੀ ਹੈ। ਮੁੱਖ ਪਾਤਰ ਐਮਲੀ ਦੀ ਮਾਂ ਵੀ ਉਸਦੇ ਵਿਆਹ ਕਰਵਾਉਣ ਅਤੇ ਬੱਚੇ ਪ੍ਰਤੀ ਉਸਨੂੰ ਵਾਰ ਵਾਰ ਅਹਿਸਾਸ ਕਰਵਾਉਂਦੀ ਹੈ। ਐਮਲੀ ਮਾਂ ਬਣਨ ਦੀ ਇੱਛਾ ਨੂੰ ਆਰਟੀਫੀਸ਼ਲ ਇਨਸੈਮੀਨੇਸ਼ਨ ਰਾਹੀਂਪੂਰੀ ਕਰ ਲੈਂਦੀ ਹੈ, ਪਰ ਆਪਣੇ ਬੱਚੇ ਲਈ ਬਾਪ ਦੀ ਲੋੜ ਨੂੰ ਪੂਰਾ ਨਹੀਂ ਕਰ ਸਕੀ। ਐਮਲੀ ਨੂੰ ਡਾ. ਡਾਲਟਨਦੀਸਮਝਾਈ ਗੱਲ ਯਾਦ ਆਉਂਦੀ ਹੈ ਅਤੇ ਉਸਨੂੰ ਖ਼ੁਦ ਵੀ ਅਹਿਸਾਸ ਹੋ ਜਾਂਦਾ ਹੈ, ਐਮਲੀ ਮਾਂ ਨਾਲ ਸਲਾਹ ਕਰਦੀ ਦੱਸਦੀ ਹੈ:

"ਕਿਹੜਾ ਬੱਚਾ ਹੈ ਜਿਸਨੂੰ ਆਪਣੇ ਪਿਉ ਦੀ ਛਾਂ ਦੀ ਲੋੜ ਨਹੀਂ?"[5]

ਇਸੇ ਤਰ੍ਹਾਂ ਅਨੇਮਨ ਸਿੰਘ ਦੀ 'ਭੰਵਰ' ਕਹਾਣੀ ਔਰਤ ਮਨ ਦੇ ਚੇਤਨ/ਅਵਚੇਤਨ ਨੂੰ ਫਰੋਲਣ ਦਾ ਯਤਨ ਕਰਦੀ ਹੈ। ਅਨੇਮਨ ਦੀਆਂ ਕਹਾਣੀਆਂ ਮੱਧਵਰਗੀ ਪਰਿਵਾਰ ਦੀਆਂ ਵਿਸੰਗਤੀਆਂ, ਨਿਮਨ ਵਰਗ ਦੀਆਂ ਥੁੜਾਂ, ਮਨੁੱਖ ਦੀਆਂ ਅਤ੍ਰਿਪਤ ਕਾਮ-ਵਾਸਨਾਵਾਂਨੂੰ ਬਿਆਨ ਕਰਦੀਆਂ ਹਨ। ਇਸੇ ਕਤਾਰਵਿਚਕਹਾਣੀਕਾਰ ਬਲੀਜੀਤਦਾ ਨਾਂ ਆਉਂਦਾ ਹੈ, ਜਿਸਨੇ ਆਪਣੀਆਂਕਹਾਣੀਆਂਵਿਚ ਮੱਧਵਰਗੀ ਜੀਵਨ ਦੀਆਂ ਦਮਿਤ ਅਤੇ ਗੁੱਝੀਆਂ ਖਾਹਿਸ਼ਾਂ ਨੂੰ ਰੂਪਮਾਨ ਕੀਤਾਹੈ।ਬਲੀਜੀਤ ਨੇ ਸਮਕਾਲੀ ਪੰਜਾਬੀ ਯਥਾਰਥ ਨੂੰ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕੀਤਾ ਹੈ। ਬਲੀਜੀਤ ਦੀ ਪ੍ਰਸਿੱਧ ਕਹਾਣੀ 'ਨੂਣ' ਆਰਥਿਕ ਥੁੜਾਂ ਮਾਰੇਨਿਮਨ ਪਰਿਵਾਰ ਦੇ ਯਥਾਰਥ ਨੂੰ ਉਘਾੜਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਸੁਦਾਗਰ ਅਤੇ ਉਸਨੂੰ ਪਤਨੀ ਪ੍ਰਸਿੰਨੀ ਆਪਣੇ ਬੱਚਿਆਂ ਲਈ ਦੁੱਧ ਦਾ ਹੀਲਾ-ਵਸੀਲਾ ਕਰਨ ਬਾਰੇਸੋਚਦੇਹਨ, ਤਾਂ ਉਹ ਆਰਥਿਕਹਾਲਤ ਮੰਦੀ ਹੋਣ ਕਰਕੇ ਇਕ ਮਰੀਅਲ ਜਿਹੀ ਕੱਟੀ ਲੈ ਲੈਂਦੇ ਹਨ। ਜਿਸਨੂੰ ਆਪਣੇ ਬੱਚਿਆਂ ਵਾਂਗ ਪਾਲਦੇ ਹਨ।ਕਈ ਸਾਲ ਦੁੱਧਚੋਣ ਤੋਂ ਬਾਅਦ ਤੋਕੜ ਹੋਈ ਮੱਝ ਨੂੰ ਸੰਭਾਲਣ ਦੇ ਖਰਚੇ ਤੋਂ ਅਸਮਰੱਥ ਹੋਏਸੁਦਾਗਰ ਨੇ ਮੱਝ ਨੂੰ ਵੇਚਦਿੱਤਾ।ਕੁਝ ਸਮੇਂ ਬਾਅਦ ਉਸਨੂੰ ਮੱਝ ਦੇ ਮਰ ਜਾਣ ਖ਼ਬਰ ਮਿਲਦੀ ਹੈ, ਤਾਂ ਸੁਦਾਗਰ ਮੱਝ ਦੇ ਮਰ ਜਾਣਦਾ ਸੁਨੇਹਾ ਸੁਣ ਉਦਾਸ ਹੋ ਜਾਂਦਾ ਹੈ। ਮਰੀ ਹੋਈ ਮੱਝ ਦੀ ਖੱਲ ਉਤਾਰਨ ਤੋਂ ਬਾਅਦ ਖੱਲਾਂ ਵਾਲੇ ਕਮਰੇ ਵਿਚ ਮੱਝ ਦੀ ਖੱਲ ਵਿਛਾ ਕੇ ਉਸ ਉੱਪਰ ਲੂਣ ਬਰੂਰ ਦਿੰਦਾ ਹੈ। ਗ਼ਰੀਬੀ ਦਾ ਭੰਨਿਆਂ ਹੋਇਆ ਸੁਦਾਗਰ ਬੇਵੱਸ ਹੋ ਕੇ ਉਥੇ ਹੀ ਖੱਲ ਉਪਰ ਡਿੱਗ ਪੈਂਦਾ ਹੈ। ਇੱਥੇ ਕਹਾਣੀਕਾਰ ਸੁਦਾਗਰ ਵਰਗੇ ਪਾਤਰਾਂ ਨੂੰ ਮਾਨਵੀ ਭਾਵਨਾਵਾਂ ਨਾਲ ਲਬਰੇਜ਼ ਇਨਸਾਨਾਂ ਵਾਂਗ ਸਥਾਪਿਤ ਕਰਨ ਵਿਚ ਸਫ਼ਲ ਹੋ ਜਾਂਦਾ ਹੈ। ਮਿਸਾਲ :

"ਮੱਝ ਦੀ ਖੱਲ ਲਿਆਕੇ ਉਸਨੇ ਆਪਣੇ ਅਲੱਗ ਕੋਠੇ ਵਿੱਚ ਖੱਲਾਂ ਦੇ ਢੇਰ ਦੇ ਸਭ ਤੋਂ ਉੱਪਰ ਪੁੱਠੀ ਵਿਛਾ ਦਿੱਤੀ। ਪਿਛਲੇ ਗਿਆਰਾਂ ਬਾਰਾਂ ਸਾਲਾਂ ਤੋਂ ਉਹ ਇਸ ਖੱਲ ਦੀ ਵਾਲਾਂ ਵਾਲੇ ਪਾਸੇ ਦੀ ਨਿੱਘੀ ਛੋਹ ਦਾ ਸ਼ੁਦਾਈ ਸੀ। ਅੱਜ ਇਸ ਦੇ ਅੰਦਰ ਤਸਲਾ ਭਰ ਕੇ ਨੂਣ ਬਰੂਰ ਦਿੱਤਾ....ਹਨੇਰੇ ਵਿੱਚ ਬੇਬਸ ਹੋਇਆ ਉਹ ਖੱਲ ਉੱਤੇ ਹੀ ਬੈਠ ਗਿਆ। ਉਸਦੇ ਕੱਛੇ ਨੂੰ ਗਿੱਲਾ ਨਮਕੀਨ ਠੰਡਾ ਪਾਣੀ ਲੱਗ ਗਿਆ। ਚੌਕੜੀ ਮਾਰ ਲਈ। ਅੱਖਾਂ ਮੀਚ ਲਈਆ। ਸੁਦਾਗਰ ਡੱਡੂ ਦੇ ਬਾੜੇ ਵਿੱਚ ਕੱਟੀ ਨਾਲ ਪਹਿਲਾ ਦਿਨ ਯਾਦ ਕਰ ਕੇ ਰੋ ਪਿਆ। ਲੱਤਾਂ ਗੋਡੇ ਉੱਠਣ ਤੋਂ ਜੁਆਬ ਦੇ ਗਏ।"[6]

ਇਉਂ ਇਹ ਕਹਾਣੀ ਸਾਧਨ ਸੰਪੰਨ ਵਰਗ ਦੀ ਮਾਨਸਿਕਤਾ ਨੂੰ ਵੀ ਅਚਨਚੇਤ ਵਰਣਨ ਕਰਦੀ ਹੈ, ਇਸ ਧਿਰ ਅੰਦਰ ਮਾਨਵੀਂ ਗੁਣਾਂ ਦੀ ਘਾਟ ਨੂੰ ਮਹਿਸੂਸ ਕਰਵਾਉਂਦੀ ਹੈ। ਦੀਪ ਦੇਵਿੰਦਰ ਦੀਆਂ ਗੰਢਾਂ, ਤ੍ਰਿਕਾਲ ਸੰਧਿਆਂ, ਪਰਿਕਰਮਾ ਅਤੇ ਆਗਾਜ਼ਬੀਰ ਦੇ ਕਹਾਣੀ ਸੰਗ੍ਰਹਿ ਕੁਇਨਜ਼ ਲੈਂਡ

*Journal of Punjabi Insights (JPI)* *Vol. 1 Issue I (Jan-March 2025)*
*Website: www. punjabiinsights.in ISSN: 31074286 (online)* **Pages 1-4**

ਵਿਚਲੀਆਂ ਕਹਾਣੀਆਂ ਮਨੁੱਖ ਦੇ ਦੱਬੇ ਘੁੱਟੇ ਜੀਵਨ ਯਥਾਰਥ ਨੂੰ ਰੂਪਮਾਨ ਕਰਦੀਆਂ ਹਨ। ਇਉਂ ਵਿਸ਼ਵੀਕਰਨ ਦੇ ਦੌਰ ਅੰਦਰ ਰਚੀ ਜਾ ਰਹੀ ਕਹਾਣੀ ਸਮਾਜ, ਸਭਿਆਚਾਰ ਦੀਆਂ ਬਦਲਦੀਆਂ ਪ੍ਰਸਥਿਤੀਆਂ ਨੂੰ ਪੇਸ਼ ਕਰਨ ਅਤੇ ਇਹਨਾਂ ਪ੍ਰਸਥਿਤੀਆਂ ਵਿਚ ਘਿਰੇ ਮਨੁੱਖ ਦੀ ਪਛਾਣ, ਹੋਂਦ ਆਦਿ ਦੇ ਮਸਲਿਆਂ ਨੂੰ ਵਿਭਿੰਨ ਕਥਾ-ਜੁਗਤਾਂ ਰਾਹੀਂ ਪੇਸ਼ ਕਰਨ ਵੱਲ ਰੁਚਿਤ ਹੈ। ਇਹ ਕਹਾਣੀ ਕਿਸੇ ਨਿਸ਼ਚਤ ਵਾਦ ਨਾਲ ਸੰਬੰਧਿਤ ਨਾ ਹੁੰਦੀ ਹੋਈ ਇਸ ਦੌਰ ਦੇ ਖਪਤ ਸਭਿਆਚਾਰ ਵਿਚ ਹਾਸ਼ੀਏ ਤੇ ਵਿਚਰਦੇ ਮਨੁੱਖ ਦੇ ਜੀਵਨ ਯਥਾਰਥ ਨੂੰ ਰੂਪਮਾਨ ਕਰਨ ਦਾ ਯਤਨ ਕਰਦੀ ਹੈ।

## 2.0 ਹਵਾਲੇ ਤੇ ਟਿੱਪਣੀਆਂ

1. ਸੰਵਾਦ, ਜਨਵਰੀ-ਜੂਨ 2016, ਖਾਲਸਾ ਕਾਲਜ ਅੰਮ੍ਰਿਤਸਰ, ਪੰਨਾ 202
2. ਉਧਰਿਤ
3. ਕਹਾਣੀਧਾਰਾ, ਜਨਵਰੀ-ਮਾਰਚ 2011, ਅੰਕ-20, ਪੰਨਾ 49
4. ਦੇਸ ਰਾਜ ਕਾਲੀ, ਮੱਖਣ ਮਾਨ (ਸੰਪਾ.) ਨਵੀਂ ਕਹਾਣੀ : ਨਵੇਂ ਨਕਸ਼, ਪੰਨਾ 60
5. ਸ਼ਬਦ, ਅਪ੍ਰੈਲ-ਜੂਨ 2023, ਅੰਕ-102, ਪੰਨਾ 96
6. ਕਹਾਣੀਧਾਰਾ, ਅਕਤੂਬਰ-ਦਸੰਬਰ, 2022, ਅੰਕ-67, ਪੰਨਾ 26

*Journal of Punjabi Insights (JPI)* *Vol. 1 Issue I (Jan-March 2025)*
*Website: [www. punjabiinsights.in](www.punjabiinsights.in) ISSN: 31074286 (online)* **Pages 5-8**

# ਸੇਵਾ ਦਾ ਬਦਲਦਾ ਸਰੂਪ (ਸਿੱਖ ਧਰਮ ਦੇ ਵਿਸ਼ੇਸ਼ ਪ੍ਰਸੰਗ ਵਿਚ)

**ਮਲਕੀਤ ਸਿੰਘ**
ਰਿਸਰਚ ਸਕਾਲਰ
ਪੰਜਾਬੀ ਵਿਭਾਗ , ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ
**Email-id: malkeetvirk112@gmail.com**

**ਅਬਸਟ੍ਰੈਕਟ :** ਸਿੱਖ ਧਰਮ ਵਿਚ ਸੇਵਾ ਦਾ ਵਿਸ਼ੇਸ਼ ਮਹੱਤਵ ਹੈ, ਜੋ ਤਨ, ਮਨ, ਅਤੇ ਧਨ ਦੀ ਨਿਸ਼ਕਾਮ ਭਾਵਨਾ ਨਾਲ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਅਤੇ ਬਾਅਦ ਵਿੱਚ ਹੋਰ ਗੁਰੂ ਸਾਹਿਬਾਨਾਂ ਨੇ ਸੇਵਾ ਨੂੰ ਇੱਕ ਅਧਿਆਤਮਿਕ ਤੇ ਸਮਾਜਿਕ ਕਿਰਿਆ ਵਜੋਂ ਪ੍ਰਚਲਿਤ ਕੀਤਾ। ਸਿੱਖ ਪਰੰਪਰਾ ਵਿਚ ਸੇਵਾ ਦੇ ਅਨੇਕਾਂ ਰੂਪ ਹਨ, ਜਿਵੇਂ ਕਿ ਲੰਗਰ ਦੀ ਸੇਵਾ, ਜਲ ਸੇਵਾ, ਨਾਮ ਸਿਮਰਨ, ਤੇ ਪਰਉਪਕਾਰ। ਗੁਰਬਾਣੀ ਅਨੁਸਾਰ, ਸੇਵਾ ਰਾਹੀਂ ਮਨੁੱਖ ਦੀ ਹਉਮੈ ਨਿਵਰਦੀ ਹੈ, ਤੇ ਇਹ ਪਰਮਾਤਮਾ ਦੀ ਪ੍ਰਾਪਤੀ ਦਾ ਇੱਕ ਸਧਾਰਣ ਮਾਰਗ ਹੈ। ਇਹ ਅਧਿਐਨ ਵੱਖ-ਵੱਖ ਧਰਮਾਂ ਵਿਚ ਸੇਵਾ ਦੀ ਭੂਮਿਕਾ ਅਤੇ ਸਿੱਖੀ ਵਿਚ ਇਸ ਦੀ ਵਿਸ਼ੇਸ਼ਤਾ ਨੂੰ ਉਜਾਗਰ ਕਰਦਾ ਹੈ।

**ਕੁੰਜੀ ਸ਼ਬਦ :** ਸਿੱਖ ਧਰਮ, ਸੇਵਾ, ਗੁਰਬਾਣੀ, ਗੁਰੂ ਨਾਨਕ, ਲੰਗਰ, ਨਿਸ਼ਕਾਮ ਭਾਵਨਾ, ਮਨੁੱਖਤਾ, ਪਰਉਪਕਾਰ, ਧਾਰਮਿਕ ਅਧਿਐਨ, ਗੁਰਮਤਿ।

## 1.0 **ਪ੍ਰਸਤਾਵਨਾ**

ਸੰਸਾਰ ਵਿਚ ਅਨੇਕਾਂ ਧਰਮ ਹਨ ਅਤੇ ਹਰੇਕ ਧਰਮ ਦੀ ਆਪੋ-ਆਪਣੀ ਮਹਾਨਤਾ ਹੈ। ਸਮੁੱਚੇ ਧਰਮਾਂ ਦੇ ਰਹਿਬਰਾਂ ਨੇ ਕੁਲ ਖਲਕਤ ਨੂੰ ਏਕੇ ਦਾ ਪਾਠ ਪੜ੍ਹਾਉਂਦਿਆਂ ਇੱਕੋ ਪਰਮ ਸੱਚ ਨਾਲ ਜੋੜਨ ਦਾ ਯਤਨ ਕੀਤਾ ਹੈ। ਇਹਨਾਂ ਧਰਮਾਂ ਵਿਚ ਸਿੱਖ ਧਰਮ ਵੀ ਆਪਣਾ ਨਿਵੇਕਲਾ ਸਥਾਨ ਰੱਖਦਾ ਹੈ। ਮੱਧਕਾਲ ਦੇ ਉਸ ਦੌਰ ਵਿਚ ਸਿੱਖ ਧਰਮ ਦਾ ਜਨਮ ਹੁੰਦਾ ਹੈ ਜਦੋਂ ਭਾਰਤ ਦੀ ਅਵਾਮ ਅਗਿਆਨਤਾ ਦੇ ਹਨੇਰੇ ਵਿਚ ਭਟਕੀ ਹੋਈ ਸੀ। ਹਿੰਦੂਸਤਾਨ ਉੱਪਰ ਧਾੜਵੀ ਚੜ੍ਹ ਕੇ ਆਉਂਦੇ ਸਨ ਅਤੇ ਮਾਲ ਅਸਬਾਬ ਆਦਿ ਲੁੱਟ ਕੇ ਲੈ ਜਾਂਦੇ ਸਨ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਇਨਸਾਨੀਅਤ ਦੇ ਹੱਕ ਵਿਚ ਹਾਅ ਦਾ ਨਾਅਰਾ ਲਾਇਆ ਅਤੇ ਸਮੇਂ ਦੇ ਹਾਕਮਾਂ ਨੂੰ ਵੰਗਾਰਿਆ। ਉਹਨਾਂ ਨੇ ਸਾਂਝੀਵਾਲਤਾ ਦਾ ਪਾਠ ਪੜ੍ਹਾਉਂਦਿਆਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਅਤੇ ਲੋਕਾਂ ਦੇ ਅੰਦਰ ਮਨੁੱਖਤਾ ਦੀ ਸੇਵਾ ਲਈ ਭਾਵਨਾ ਪੈਦਾ ਕੀਤੀ।

ਸਿੱਖੀ ਦੇ ਮੂਲ ਸਿਧਾਂਤਾਂ ਵਿਚ ਸੇਵਾ ਦਾ ਮਹੱਤਵਪੂਰਨ ਸਥਾਨ ਹੈ। ਸੇਵਾ ਦੀ ਸੱਚੀ ਤੇ ਸੁੱਚੀ ਭਾਵਨਾ ਨੇ ਹੀ ਦੂਜੇ ਪਾਤਸ਼ਾਹ ਨੂੰ ਭਾਈ ਲਹਿਣੇ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਗੁਰਸਿੱਖ ਪਰੰਪਰਾ ਵਿਚ ਸੇਵਾ ਭਾਵਨਾ ਦੇ ਪੱਖੋਂ ਭਾਈ ਘਨਈਆ ਜੀ ਦੀ ਉਦਾਹਰਣ ਬੇ-ਮਿਸਾਲ ਹੈ। ਸਿੱਖ ਧਰਮ ਵਿਚ ਸੇਵਾ ਦੇ ਵੱਖ-ਵੱਖ ਰੂਪ ਪ੍ਰਚਲਿਤ ਹਨ ਅਤੇ ਇਹ ਸੇਵਾ ਤਨ, ਮਨ ਅਤੇ ਧਨ ਨਾਲ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦੀ ਭਗਤੀ ਕਰਨੀ, ਨਾਮ ਜਪਣਾ ਅਤੇ ਜਪਾਉਣਾ ਮਨ ਦੀ ਸੇਵਾ ਹੈ। ਤਨ ਦੀ ਸੇਵਾ ਕਰਦਿਆਂ ਸੇਵਕ ਦਸਾਂ ਨੌਹਾਂ ਦੀ ਕਿਰਤ ਕਰਦਾ, ਸਾਧ ਸੰਗਤ ਦੇ ਜੋੜੇ ਝਾੜਦਾ, ਜਲ ਦੀ ਸੇਵਾ ਕਰਦਾ ਜਾਂ ਲੰਗਰ ਦੀ ਸੇਵਾ ਆਦਿ ਕਰਦਾ ਹੈ ਅਤੇ ਧਨ ਦੀ ਸੇਵਾ ਕਰਦਿਆਂ ਸਿੱਖ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਦਾ ਅਤੇ ਆਰਥਿਕ ਪੱਖੋਂ ਲੋੜਵੰਦਾਂ ਦੀ ਮਦਦ ਕਰਦਾ ਹੈ:

"ਸਿੱਖ ਸਿਧਾਂਤ ਵਿਚ ਸਤਿਗੁਰ, ਸੇਵਾ ਅਤੇ ਸਾਧ ਸੰਗਤ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹ ਸਾਰੇ ਪੱਖ ਇਸ ਪਾਸੇ ਸੰਕੇਤ ਕਰਦੇ ਹਨ ਕਿ ਜੇ ਆਪਣਾ ਆਪ ਗਵਾਈਏ ਤਾਂ ਹੀ ਸੇਵਾ ਕੀਤੀ ਜਾ ਸਕਦੀ ਹੈ। ਸੇਵਾ ਕਰਦਿਆਂ ਇਹ ਆਦਤ ਪੱਕਦੀ ਹੈ ਕਿ ਆਪਣੇ ਆਪ ਨੂੰ ਨੀਵਾਂ ਅਤੇ ਦੂਸਰਿਆਂ ਨੂੰ ਉੱਚਾ ਸਮਝਿਆ ਜਾਵੇ। ਸੇਵਾ ਰਾਹੀਂ ਅਕਾਲ ਪੁਰਖ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਸੇਵਾ ਬੰਧਨ ਨਹੀਂ ਹੈ। ਸੇਵਾ ਇਲਾਹੀ ਪਛਾਣ ਵਾਸਤੇ ਸਹਾਇਕ ਹੁੰਦੀ ਹੈ ਅਤੇ ਇਸ ਨਾਲ ਖਲਕ ਵਿਚ ਖਾਲਕ ਦਾ ਅਨੁਭਵ ਹੁੰਦਾ ਹੈ।"[i]

ਸਿੱਖ ਧਰਮ ਵਿਚ ਸੇਵਾ ਕਰਨ ਵਾਲੇ ਨੂੰ ਸੇਵਕ ਦੀ ਉਪਾਧੀ ਮਿਲੀ ਹੋਈ ਹੈ ਅਤੇ ਸੇਵਕ ਉਹ ਵਿਅਕਤੀ ਹੋ ਸਕਦਾ ਹੈ ਜੋ ਦਇਆ, ਹਲੀਮੀ, ਸੰਤੋਖ

*Journal of Punjabi Insights (JPI)* *Vol. 1 Issue I (Jan-March 2025)*

*Website: www. punjabiinsights.in ISSN: 31074286 (online)* **Pages 5-8**

ਅਤੇ ਸਹਿਣਸ਼ੀਲਤਾ ਵਰਗੇ ਗੁਣਾਂ ਦੇ ਨਾਲ-ਨਾਲ ਪਰਉਪਕਾਰ ਦੀ ਭਾਵਨਾ ਰੱਖਦਾ ਹੋਵੇ। ਸੇਵਕ ਗੁਰੂ ਦੀਆਂ ਸਿਖਿਆਵਾਂ ਦਾ ਅਨੁਸਰਣ ਕਰਦਾ ਹੋਇਆ ਸਮੂਹ ਮਾਨਵ ਜਾਤੀ ਦੇ ਹਿਰਦੇ ਵਿਚ ਇਕੋ ਪਰਮਾਤਮਾ ਦੀ ਜੋਤ ਦੀ ਹੋਂਦ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਹੀ ਆਪਣਾ ਜੀਵਨ ਬਤੀਤ ਕਰਦਾ ਹੈ। ਸੇਵਕ ਦੇ ਮਨ ਵਿਚ ਗੁਰੂ ਪ੍ਰਤੀ ਸਮਰਪਣ ਅਤੇ ਸ਼ਰਧਾ ਦੀ ਭਾਵਨਾ ਦਾ ਹੋਣਾ ਅਤਿ ਜ਼ਰੂਰੀ ਹੈ। ਇਹ ਸਮਰਪਣ ਕਿਸੇ ਪਰਉਪਕਾਰੀ ਮਨੁੱਖ ਦੇ ਹਿੱਸੇ ਆਉਂਦਾ ਹੈ। ਉਹ ਮਨੁੱਖ, ਜੋ ਦੂਜਿਆਂ ਲਈ ਜਿਉਣਾ ਜਾਣਦਾ ਹੈ, ਉਹ ਹੀ ਸੇਵਾ ਦਾ ਭਾਗੀਦਾਰ ਬਣ ਸਕਦਾ ਹੈ ਕਿਉਂਕਿ ਸਿੱਖ ਧਰਮ ਵਿਚ ਸੇਵਕ ਰੁਤਬਾ ਬਹੁਤ ਉੱਚਾ ਹੈ। ਗੁਰਬਾਣੀ ਦਾ ਫ਼ੁਰਮਾਣ ਹੈ:

"ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕ ਠਾਕੁਰ ਹੀ ਸੰਗਿ ਜਾਹਰੁ ਜੀਉ ।।"[ii]

ਪੁਰਾਤਨ ਭਾਰਤੀ ਪਰੰਪਰਾ ਵਿਚ ਹਿੰਦੂ ਅਤੇ ਇਸਲਾਮ ਦੋਹਾਂ ਧਰਮਾਂ ਦਾ ਹੀ ਬੋਲਬਾਲਾ ਰਿਹਾ ਹੈ। ਹਿੰਦੂ ਧਰਮ ਵਿਚ ਸਮਾਜਿਕ ਬਣਤਰ ਵਰਣ ਵਿਵਸਥਾ ਉੱਪਰ ਅਧਾਰਤ ਸੀ ਅਤੇ ਨੀਵੀਂ ਜਾਤੀ ਦੇ ਲੋਕ, ਉੱਚ ਸ਼੍ਰੇਣੀਆਂ ਦੇ ਲੋਕਾਂ ਦੀ ਚਾਕਰੀ ਕਰਦੇ ਸਨ। ਜਿਸ ਨੂੰ ਦਾਸ ਪ੍ਰਥਾ ਵੀ ਕਿਹਾ ਜਾਂਦਾ ਸੀ। ਦਾਸ ਪ੍ਰਥਾ ਅਧੀਨ ਜਿੱਥੇ ਬ੍ਰਾਹਮਣ ਵਰਗ ਸ਼ੂਦਰਾਂ ਪਾਸੋਂ ਸੇਵਾ ਕਰਾਉਣਾ ਆਪਣਾ ਹੱਕ ਸਮਝਦਾ ਸੀ, ਉਥੇ ਸ਼ੂਦਰ ਵਰਗ ਦੇ ਲੋਕ ਇਸਨੂੰ ਆਪਣੇ ਕਰਮਾਂ ਦਾ ਫਲ ਸਮਝਦੇ ਸਨ ਅਤੇ ਬ੍ਰਾਹਮਣਾਂ ਨੂੰ ਦੇਵਤਾ ਸਰੂਪ ਮੰਨ ਕੇ ਉਹਨਾਂ ਦੀ ਸੇਵਾ ਕਰਦੇ ਸਨ। ਕਿਸੇ ਅਛੂਤ ਦੇ ਨਾਲ ਛੂਹ ਜਾਣ 'ਤੇ ਬ੍ਰਾਹਮਣ ਆਪਣੇ ਆਪ ਨੂੰ ਅਪਵਿੱਤਰ ਸਮਝਦੇ ਸਨ। ਅਛੂਤ ਲੋਕਾਂ ਨੂੰ ਮੰਦਰ ਜਾਣ ਜਾਂ ਪਰਮਾਤਮਾ ਦਾ ਨਾਂ ਲੈਣ ਦੀ ਵੀ ਮਨਾਹੀ ਸੀ।

ਇਸੇ ਤਰ੍ਹਾਂ ਜਦੋਂ ਅਸੀਂ ਸੰਸਾਰ ਦੇ ਵਿਭਿੰਨ ਧਰਮਾਂ ਦਾ ਅਧਿਐਨ ਕਰਦੇ ਹਾਂ ਤਾਂ ਉਹਨਾਂ ਵਿਚ ਵੀ ਸੇਵਾ ਦਾ ਸੰਕਲਪ ਵੱਖ-ਵੱਖ ਸੰਦਰਭਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਬੁੱਧ ਧਰਮ, ਈਸਾਈ ਧਰਮ ਅਤੇ ਇਸਲਾਮ ਧਰਮ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਮਾਨਵਤਾ ਦੀ ਸੇਵਾ ਬਾਰੇ ਚਰਚਾ ਕੀਤੀ ਗਈ ਹੈ। ਮੁਸਲਮਾਨਾਂ ਦੀ ਪ੍ਰਸਿੱਧ ਧਾਰਮਿਕ ਪੁਸਤਕ ਕੁਰਾਨ ਸ਼ਰੀਫ਼ ਵੀ ਮਨੁੱਖ ਨੂੰ ਨੇਕੀ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਬੁਰਾਈ ਦਾ ਖਾਤਮਾ ਕਰਨ ਦਾ ਸੁਨੇਹਾ ਦਿੰਦੀ ਹੈ। ਇਸ ਤੋਂ ਇਲਾਵਾ ਵੀ ਇਸਲਾਮ ਵਿਚ ਕਿਸੇ ਬੇ-ਸਹਾਰੇ ਦੀ ਮਦਦ ਕਰਨਾ, ਆਪਣੀ ਕਮਾਈ ਵਿਚੋਂ ਦਾਨ ਦੇਣਾ ਅਤੇ ਕੁਦਰਤੀ ਦਾਤਾਂ ਦਾ ਸਤਿਕਾਰ ਕਰਨ ਦੀ ਨਸੀਹਤ ਦਿੱਤੀ ਗਈ ਹੈ। ਈਸਾਈ ਧਰਮ ਦੇ ਪਾਵਨ ਗ੍ਰੰਥ ਬਾਈਬਲ ਵਿਚ ਵੀ ਸੇਵਾਦਾਰ ਨੂੰ ਉੱਤਮ ਪਦਵੀ ਪ੍ਰਾਪਤ ਹੈ ਅਤੇ ਸੇਵਾਦਾਰ ਦੇ ਗੁਣਾਂ ਨੂੰ ਵੀ ਵਿਸਤਾਰ ਵਿਚ ਦੱਸਿਆ ਗਿਆ ਹੈ। ਮਹਾਤਮਾ ਬੁੱਧ ਨੇ ਵੀ ਆਪਣਾ ਸਾਰਾ ਜੀਵਨ ਦੀਨ-ਦੁਖੀਆਂ ਦੀ ਸੇਵਾ ਵਿਚ ਗੁਜ਼ਾਰ ਦਿੱਤਾ:

"ਬੁੱਧ ਧਰਮ ਵੀ ਨਿਰਵਾਣ ਪ੍ਰਾਪਤੀ ਲਈ ਮਨੁੱਖ ਮਾਤਰ ਦੀ ਨਿਸੁਆਰਥ ਸੇਵਾ ਨੂੰ ਪ੍ਰਮੁੱਖ ਸਥਾਨ ਦਿੰਦਾ ਹੈ। ਭਗਵਾਨ ਬੁੱਧ ਨੇ 35 ਸਾਲ ਦੀ ਉਮਰ ਵਿੱਚ ਨਿਰਵਾਣ ਪ੍ਰਾਪਤ ਕੀਤਾ। 80 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋਇਆ। ਲੋਕਾਈ ਦਾ ਦੁੱਖ ਉਨ੍ਹਾਂ ਤੋਂ ਦੇਖਿਆ ਨਾ ਗਿਆ ਤੇ ਉਹ ਸ਼ਾਹੀ ਸੁਖਾਂ, ਘਰ-ਬਾਹਰ ਤੇ ਪਤਨੀ ਦਾ ਤਿਆਗ ਕਰ ਭਿਖਸ਼ੂ ਦਾ ਬਾਣਾ ਧਾਰਣ ਕਰ ਲੋਕਾਈਂ ਦਾ ਦੁੱਖ ਦੂਰ ਕਰਨ ਲਈ ਨਿਕਲ ਪਏ। ਦੁਖਾਂ ਦੇ ਭਾਰ ਥੱਲ੍ਹੇ ਕਰਾਹ ਰਹੀ ਮਾਨਵਤਾ ਦਾ ਦੁਖ ਉਨ੍ਹਾਂ ਤੋਂ ਦੇਖਿਆ ਨਾ ਗਿਆ। ਜੀਵਨ ਦੇ ਦੁਖਾਂ ਨੂੰ ਕਿਸ ਤਰ੍ਹਾਂ ਗਿਆਨ, ਸ਼ੀਲ ਤੇ ਸਮਾਧੀ ਦੁਆਰਾ, ਸੇਵਾ ਤੇ ਦਇਆ ਦੇ ਮਾਰਗ 'ਤੇ ਚਲਦਿਆਂ ਨਿਰਵਾਣ ਪ੍ਰਾਪਤ ਕਰ ਸਦੀਵੀਂ ਸ਼ਾਂਤੀ ਤੇ ਪਰਮ ਸੁੱਖ ਵਿਚ ਬਦਲਿਆ ਜਾ ਸਕਦਾ ਹੈ, ਇਸ ਦਾ ਪ੍ਰਚਾਰ ਕਰਨਾ ਉਨ੍ਹਾਂ ਦੇ ਜੀਵਨ ਦਾ ਉਦੇਸ਼ ਬਣ ਗਿਆ। ਉਨ੍ਹਾਂ ਨੇ ਥਾਂ-ਥਾਂ 'ਤੇ ਭ੍ਰਮਣ ਕਰ, ਲੋਕਾਂ ਦੀ ਸੇਵਾ ਤੇ ਕਲਿਆਣ ਲਈ ਆਪਣਾ ਜੀਵਨ ਅਰਪਿਤ ਕਰ ਦਿੱਤਾ।"[iii]

ਸਿੱਖ ਗੁਰੂ ਸਾਹਿਬਾਨਾਂ ਵੱਲੋਂ ਆਰੰਭੀ ਗਈ ਸਿੱਖ ਚਿੰਤਨ ਦੀ ਪਰੰਪਰਾ, ਦੂਜੇ ਧਰਮਾਂ ਦੇ ਮੁਕਾਬਲੇ ਨਵੀਨ ਪਰੰਪਰਾ ਹੈ। ਇਸ ਕਰਕੇ ਸਿੱਖ ਧਰਮ ਦੀ ਆਮਦ ਨਾਲ ਸੇਵਾ ਦਾ ਸੰਕਲਪ ਵਿਸ਼ਾਲ ਅਰਥਾਂ ਦਾ ਧਾਰਨੀ ਹੋ ਨਿੱਬੜਿਆ ਹੈ ਅਤੇ ਇਸ ਦੀਆਂ ਅਨੇਕਾਂ ਮਿਸਾਲਾਂ ਸਿੱਖ ਇਤਿਹਾਸ ਵਿੱਚੋਂ ਦੇਖੀਆਂ ਜਾ ਸਕਦੀਆਂ ਹਨ। ਸਿੱਖ ਧਰਮ ਵਿਚ ਜਾਤ, ਰੰਗ ਜਾਂ ਨਸਲੀ ਭੇਦਭਾਵ ਲਈ ਕੋਈ ਥਾਂ ਨਹੀਂ ਹੈ। ਸਿੱਖ ਪਰੰਪਰਾ ਵਿਚ ਆਪਾ ਭਾਵ ਮਿਟਾ ਕੇ ਦੂਜਿਆਂ ਲਈ ਜਿਉਣ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ। ਜੋ ਮਨੁੱਖ ਦੂਜਿਆਂ ਦੀ ਤਨ, ਮਨ ਅਤੇ ਧਨ ਨਾਲ ਮਦਦ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ, ਉਹ ਹੀ ਸੱਚਾ ਸਿੱਖ ਅਖਵਾਉਣ ਦਾ ਹੱਕਦਾਰ ਹੈ। ਗੁਰਬਾਣੀ ਅਨੁਸਾਰ ਵੀ ਮਨੁੱਖਤਾ ਦੀ ਸੇਵਾ ਹੀ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਵਿਚ ਸਾਧਨ ਬਣਦੀ ਹੈ ਕਿਉਂਕਿ ਹਰ ਜੀਵ-ਆਤਮਾ ਵਿਚ ਇਕ ਹੀ ਪਰਮਾਤਮਾ ਦਾ ਵਾਸਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਬਾ ਫਰੀਦ ਜੀ ਦਾ ਫ਼ੁਰਮਾਣ ਹੈ:

"ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ।। ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ।।"[iv]

ਸਿੱਖ ਧਰਮ ਵਿਚ ਸੇਵਾ ਦਾ ਸੰਕਲਪ ਨਿਸ਼ਕਾਮ ਅਤੇ ਨਿਰਸੁਆਰਥ ਭਾਵਨਾ ਨਾਲ ਜੁੜਿਆ ਹੋਇਆ ਹੈ। ਇਸ ਦੇ ਬਹੁਤ ਸਾਰੇ ਪ੍ਰਮਾਣ ਸਾਨੂੰ ਗੁਰੂ ਸਾਹਿਬਾਨਾਂ ਦੇ ਜੀਵਨ ਨਾਲ ਸਬੰਧਤ ਇਤਿਹਾਸ ਵਿੱਚੋਂ ਮਿਲਦੇ ਹਨ। ਸੁਆਰਥ ਰਹਿਤ ਸੇਵਾ ਨੂੰ ਹੀ ਗੁਰੂ ਸਾਹਿਬਾਨਾਂ ਨੇ ਪਰਵਾਨ ਕੀਤਾ ਹੈ। ਸੇਵਾ ਰਾਹੀਂ ਮਨੁੱਖ ਦੀ ਹਉਮੈ ਦਾ ਨਿਵਾਰਨ ਹੁੰਦਾ ਹੈ ਅਤੇ ਉਸਦਾ ਹਿਰਦਾ ਸ਼ੁੱਧ ਹੁੰਦਾ ਹੈ। ਸੱਚੇ ਗੁਰੂ ਦੀ ਸੇਵਾ ਨਾਲ ਪਰਮਾਤਮਾ ਦੀ ਦਰਗਾਹ ਵਿਚ ਵੀ

ਮਾਣ ਪ੍ਰਾਪਤ ਹੁੰਦਾ ਹੈ। ਸੇਵਕ ਵੱਲੋਂ ਮਾਤਲੋਕ ਵਿਚ ਕੀਤੀ ਗਈ ਸੇਵਾ ਪਰਲੋਕ ਵਿਚ ਵੀ ਫਲਦਾਇਕ ਹੁੰਦੀ ਹੈ:

"ਵਿਚ ਦੁਨੀਆ ਸੇਵ ਕਮਾਈਐ ।।

ਤਾ ਦਰਗਹ ਬੈਸਣੁ ਪਾਈਐ ।।"[v]

ਗੁਰਮਤਿ ਕਾਵਿ ਦਾ ਮੂਲ ਮਨੋਰਥ ਅਧਿਆਤਮਕ ਮੁਕਤੀ ਹੈ ਅਤੇ ਸੇਵਕ ਸੰਸਾਰਕ ਪੱਧਰ 'ਤੇ ਸ਼ੁਭ ਕਰਮ ਕਰਦਾ ਹੋਇਆ ਇਹਲੌਕਿਕ ਤੋਂ ਪਾਰਲੌਕਿਕ ਜਗਤ ਦੀ ਯਾਤਰਾ ਕਰਦਾ ਹੈ। ਇਸੇ ਕਰਕੇ ਗੁਰਬਾਣੀ ਵਿਚ ਸਤਿਗੁਰ ਦੀ ਸੇਵਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸਤਿਗੁਰ ਦੀ ਸੇਵਾ ਰਾਹੀਂ ਦੀ ਮਨੁੱਖ ਦੇ ਪਾਪਾਂ ਦਾ ਵਿਨਾਸ ਹੁੰਦਾ ਹੈ ਅਤੇ ਮਨ ਇੱਛਤ ਫਲ ਦੀ ਪ੍ਰਾਪਤੀ ਹੁੰਦੀ ਹੈ। ਸੇਵਕ ਹਮੇਸ਼ਾ ਸੱਚੇ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ ਅਤੇ ਪ੍ਰਮਾਤਮਾ ਉਸਨੂੰ ਵਡਿਆਈ ਬਖ਼ਸ਼ਦਾ ਹੈ ਕਿਉਂਕਿ ਸੱਚੇ ਪਰਮਾਤਮਾ ਤੋਂ ਬਿਨਾ ਸਾਰਾ ਸੰਸਾਰ ਬਿਨਸਨਹਾਰ ਹੈ। ਗੁਰਬਾਣੀ ਦਾ ਫ਼ੁਰਮਾਣ ਹੈ:

"ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ।।

ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗ ।।"[vi]

ਦੂਜੇ ਪਾਸੇ ਗੁਰਬਾਣੀ ਪਾਰਲੌਕਿਕਤਾ ਦੇ ਨਾਲ-ਨਾਲ ਇਹਲੌਕਿਕ ਜਗਤ ਦੇ ਮਸਲਿਆਂ ਨੂੰ ਵੀ ਬਰਾਬਰ ਸੰਬੋਧਿਤ ਹੁੰਦੀ ਹੈ। ਇਸ ਕਰਕੇ ਸਿੱਖ ਧਰਮ ਵਿਚ ਨਾਮ ਸਿਮਰਨ ਦੀ ਸੇਵਾ ਦੇ ਨਾਲ ਤਨ ਅਤੇ ਧਨ ਦੀ ਸੇਵਾ ਨੂੰ ਵੀ ਉੱਤਮ ਸਥਾਨ ਪ੍ਰਾਪਤ ਹੈ। ਅਧਿਆਤਮ ਦੇ ਮਾਰਗ ਉੱਪਰ ਚੱਲਣ ਵਾਲਾ ਗੁਰਸਿੱਖ ਪਹਿਲਾਂ ਦੁਨਿਆਵੀ ਪੱਧਰ 'ਤੇ ਮੋਹ-ਮਾਇਆ ਤੋਂ ਨਿਰਲੇਪ ਰਹਿ ਕੇ ਗ਼ਰੀਬਾਂ, ਦੀਨ-ਦੁਖੀਆਂ ਉੱਪਰ ਦਇਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ, ਤਾਂ ਹੀ ਉਹ ਸਤਿਗੁਰ ਦੀ ਸੇਵਾ ਦੇ ਯੋਗ ਹੋ ਸਕਦਾ ਹੈ। ਦਸਾਂ ਨੌਹਾਂ ਦੀ ਕਿਰਤ ਕਰਕੇ ਖਾਣਾ ਅਤੇ ਆਪਣੀ ਕਮਾਈ ਵਿਚੋਂ ਦੂਜਿਆਂ ਦੀ ਸਹਾਇਤਾ ਕਰਨਾ ਗੁਰਸਿੱਖ ਦਾ ਮੁੱਢਲਾ ਫਰਜ਼ ਹੈ:

"ਘਾਲਿ ਖਾਇ ਕਿਛੁ ਹਥਹੁ ਦੇਇ ।। ਨਾਨਕ ਰਾਹੁ ਪਛਾਣਹਿ ਸੇਇ ।।"[vii]

ਸਿੱਖ ਧਰਮ ਵਿਚ ਸੇਵਾ ਦਾ ਘੇਰਾ ਬਹੁਤ ਵਿਸ਼ਾਲ ਹੈ। ਸਿੱਖ ਧਰਮ ਦਾ ਮੁੱਖ ਪ੍ਰੇਰਣਾ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਵੀ ਕਿਹਾ ਜਾਂਦਾ ਹੈ। ਉਹਨਾਂ ਨੇ ਆਪਣੀਆਂ ਵਾਰਾਂ ਅਤੇ ਕਬਿੱਤਾਂ ਵਿਚ ਗੁਰਮਤਿ ਨਾਲ ਸਬੰਧਤ ਸੰਕਲਪਾਂ ਨੂੰ ਸਮਝਾਉਣ ਲਈ ਵੱਖ-ਵੱਖ ਦ੍ਰਿਸ਼ਟਾਂਤ ਵਰਤੇ ਹਨ। ਭਾਈ ਗੁਰਦਾਸ ਜੀ ਆਪਣੇ ਕਬਿੱਤਾਂ ਵਿਚ ਸਪੱਸ਼ਟ ਕਰਦੇ ਹਨ ਕਿ ਗੁਰੂ ਦੇ ਸਿੱਖ ਦੀ ਸੇਵਾ ਰਾਹੀਂ ਸੋਨੇ ਦੇ ਮੰਦਰ ਬਣਾ ਕੇ ਦਾਨ ਕਰਨ ਅਤੇ ਅਸ੍ਵਮੇਧ ਯੱਗ ਕਰਨ ਦੇ ਬਰਾਬਰ ਫਲ ਮਿਲਦਾ ਹੈ। ਉਹ ਭਾਰਤ ਦੇ ਪ੍ਰਾਚੀਨ ਤੀਰਥਾਂ ਦੇ ਦਰਸ਼ਨ ਅਤੇ ਇਸ਼ਨਾਨ ਕਰਨ ਨਾਲ ਮਿਲਣ ਵਾਲੇ ਪੁੰਨ ਤੇ ਫਲ ਦੇ ਸਮਾਨਾਂਤਰ ਗੁਰੂ ਦੇ ਸਿੱਖ ਦੀ ਸੇਵਾ ਦੀ ਮਹਾਨਤਾ ਨੂੰ ਦਰਸਾਉਂਦੇ ਹੋਏ ਲਿਖਦੇ ਹਨ:

"ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ, ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ ।।

ਸਿਖ ਕਉ ਪਿਲਾਇ ਪਾਨੀ ਭਾਉ ਕਰ ਕੁਰਖੇਤ, ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ ।।

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ ।।

ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ, ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ ।।"[viii]

ਜਿਥੇ ਭਾਈ ਗੁਰਦਾਸ ਜੀ ਇਹਲੌਕਿਕ ਜਗਤ ਦੇ ਹਵਾਲਿਆਂ ਰਾਹੀਂ ਸੇਵਾ ਦੀ ਸ੍ਰੇਸ਼ਠਤਾ ਨੂੰ ਦੱਸਦੇ ਹਨ ਉਥੇ ਦੂਜੇ ਪਾਸੇ ਗੁਰਬਾਣੀ ਪਾਰਲੌਕਿਕ ਜਗਤ ਦਾ ਪੱਖ ਪੂਰਦੀ ਹੋਈ ਨਾਮ ਸਿਮਰਨ ਦੀ ਸੇਵਾ ਦੇ ਮਹੱਤਵ ਨੂੰ ਉਜ਼ਾਗਰ ਕਰਦੀ ਹੈ। ਜਦੋਂ ਅਸੀਂ ਵਰਤਮਾਨ ਦੇ ਸੰਦਰਭ ਵਿਚ ਸਿੱਖ ਧਰਮ ਵਿਚ ਬਦਲਦੇ ਸੇਵਾ ਦੇ ਸੰਕਲਪ ਨੂੰ ਵਿਚਾਰਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਉੱਤਰ ਆਧੁਨਿਕ ਯੁੱਗ ਵਿਚ ਵਿਸ਼ਵੀਕਰਨ ਦਾ ਪ੍ਰਭਾਵ ਸਿੱਖੀ ਉੱਪਰ ਵੀ ਪਿਆ ਹੈ। ਅਜੋਕੇ ਸਮੇਂ ਵਿਚ ਜਿੱਥੇ ਸਮਾਜਿਕ ਭਾਈਚਾਰੇ ਵਿਚ ਤਬਦੀਲੀ ਆਈ ਹੈ, ਉਥੇ ਸਿੱਖਾਂ ਵਿਚਲੀ ਸੇਵਾ ਭਾਵਨਾ ਵੀ ਨਿਘਾਰ ਦਾ ਸ਼ਿਕਾਰ ਹੋਈ ਹੈ:

"ਉੱਤਰ ਆਧੁਨਿਕ (Post Modern) ਵਿਸ਼ਵ ਵਿਚ ਵਿਕਸਤ ਪੂੰਜੀਵਾਦ ਨੇ ਸੇਵਾ ਦੇ ਅਰਥ Wor, and Pay ਵਾਲੇ ਕਰ ਦਿੱਤੇ ਜੋ ਨਿਰੋਲ ਪਦਾਰਥਵਾਦੀ ਸੋਚ ਦੇ ਸਿੱਟੇ ਹਨ। ਉਸ ਨੇ ਮਨੁੱਖਤਾ ਦਾ ਘਾਣ ਕੀਤਾ ਹੈ। ਉਸ ਨੂੰ ਕਾਮਨਾਵਾਂ ਦੇ ਜਗਤ ਵਿਚ ਫਾਹ ਲਿਆ ਹੈ, ਜਿਸ ਤੋਂ ਸੁਆਰਥੀ ਸਮਾਜ ਪੈਦਾ ਹੋ ਰਿਹਾ ਹੈ।"[ix]

ਸਿੱਖ ਧਰਮ ਦੇ ਸੰਦਰਭ ਵਿਚ ਸੇਵਾ ਦਾ ਸੰਕਲਪ ਭਾਵੇਂ ਬਹੁ-ਪਰਤੀ ਅਤੇ ਬਹੁ-ਪਾਸਾਰੀ ਹੈ ਪਰ ਵਰਤਮਾਨ ਵਿਚ ਕੇਵਲ ਤਨ ਦੀ ਸੇਵਾ ਉੱਪਰ ਵਧੇਰੇ ਬਲ ਦਿੱਤਾ ਜਾ ਰਿਹਾ ਹੈ ਅਤੇ ਤਨ ਦੀ ਸੇਵਾ ਵਿਚ ਵੀ ਲੰਗਰ ਦੀ ਸੇਵਾ ਦੀ ਪ੍ਰਧਾਨਤਾ ਹੈ ਜੋ ਕਿ ਨਿਜੀ ਸੁਆਰਥਾਂ ਅਤੇ ਖ਼ੁਦਗਰਜ਼ੀ ਤਕ ਸੀਮਤ ਹੋ ਗਈ ਹੈ। ਅਜੋਕੇ ਸਮੇਂ ਵਿਚ ਗੁਰੂ ਘਰਾਂ ਵਿਚ ਬਣਾਏ ਜਾਣ ਵਾਲੇ ਸਾਦੇ ਭੋਜਨ ਹੁਣ ਪੱਛਮੀ ਸਭਿਆਚਾਰ ਦੇ ਪ੍ਰਭਾਵਾਂ ਦਾ ਸ਼ਿਕਾਰ ਹੋ ਰਹੇ ਹਨ। ਗੁਰਪੁਰਬਾਂ ਅਤੇ ਵਿਸ਼ੇਸ਼ ਮੌਕਿਆਂ ਉੱਤੇ ਸਾਦੇ ਦਾਲ-ਫੁਲਕੇ ਦੀ ਬਜਾਇ ਪੱਛਮ ਦੀ ਤਰਜ਼ 'ਤੇ ਪੀਜ਼ੇ, ਬਰਗਰ ਅਤੇ ਫਰੂਟੀਆਂ ਵਰਗੇ ਭਾਂਤ-ਭਾਂਤ ਦੇ ਖਾਣੇ ਪਰੋਸੇ ਜਾ ਰਹੇ ਹਨ ਜੋ ਤਨ ਦੇ ਨਾਲ-ਨਾਲ ਮਾਨਸਿਕ ਵਿਕਾਰਾਂ ਦਾ ਵੀ ਕਾਰਨ ਬਣ ਰਹੇ ਹਨ। ਗੁਰਬਾਣੀ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ ।।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ।।[x]

ਅਜੋਕੇ ਸਮੇਂ ਵਿਚ ਸਾਨੂੰ ਸਿੱਖ ਧਰਮ ਦੇ ਮੂਲ ਸਿਧਾਂਤਾਂ ਤੋਂ ਸੇਧ ਲੈ ਕੇ ਸੇਵਾ ਦੇ ਮਹੱਤਵ ਨੂੰ ਪਛਾਣਨ ਦੀ ਲੋੜ ਹੈ। ਸੇਵਾ ਦੀ ਭਾਵਨਾ ਨੂੰ ਉਜਾਗਰ ਕਰਕੇ ਹੀ ਹਉਮੈ ਵਰਗੇ ਰੋਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ ਮਨੁੱਖਾ ਜਨਮ ਸਫਲ ਕੀਤਾ ਜਾ ਸਕਦਾ ਹੈ।

## 2.0 ਹਵਾਲੇ

[i] ਗੁਰਨਾਮ ਕੌਰ (ਡਾ.) (ਸੰਪਾਦਕ), ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ-40

[ii] ਗੁਰੂ ਗ੍ਰੰਥ ਸਾਹਿਬ ਜੀ, ਅੰਗ-101

[iii] ਡਾ. ਅੰਮ੍ਰਿਤ ਕੌਰ ਰੈਣਾ, ਸਿੱਖ ਧਰਮ, ਬੁੱਧ ਧਰਮ ਅਤੇ ਧੱਮਪਦ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ-53

[iv] ਗੁਰੂ ਗ੍ਰੰਥ ਸਾਹਿਬ ਜੀ, ਅੰਗ-1381

[v] ਗੁਰੂ ਗ੍ਰੰਥ ਸਾਹਿਬ ਜੀ, ਅੰਗ-25

[vi] ਗੁਰੂ ਗ੍ਰੰਥ ਸਾਹਿਬ ਜੀ, ਅੰਗ-50

[vii] ਗੁਰੂ ਗ੍ਰੰਥ ਸਾਹਿਬ ਜੀ, ਅੰਗ-1245


[viii] ਭਾਈ ਸਾਹਿਬ ਭਾਈ ਵੀਰ ਸਿੰਘ, ਕਬਿੱਤ ਭਾਈ ਗੁਰਦਾਸ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009, ਪੰਨਾ-123

[ix] ਡਾ. ਜਸਬੀਰ ਸਿੰਘ ਸਾਬਰ (ਸੰਪਾਦਕ), ਗੁਰਮਤਿ ਵਿੱਚ ਬਹੁਪੱਖੀ ਸੇਵਾ ਦਾ ਸੰਕਲਪ, ਗੁਰਦੁਆਰਾ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ, 2013, ਪੰਨੇ-115, 116

[x] ਗੁਰੂ ਗ੍ਰੰਥ ਸਾਹਿਬ ਜੀ, ਅੰਗ-16

# JPI

## JOURNAL OF PUNJABI INSIGHTS



A Globally Recognized Quality Referred(Peer Reviewed) & Online Journal of Punjabi Language, Literature and Culture

NK Publishing


**Address**

NK Publishing, HN 411/30 ,Vishav Karma colony
Thanesar, Kurukshetra-136118,Haryana, India
Mob: 9467360570, Email: punjabiinsights@gmail.com, Web: punjabiinsights.in